# ਬਦਲਦੀਆਂ ਨਜ਼ਰਾਂ ਤੇ ...

ਇਕਾਂਗੀ ਸੰਗ੍ਰਹਿ

ਗੁਰਨਾਮ ਸਿੰਘ ਪ੍ਰਭਾਤ

# ਬਦਲਦੀਆਂ ਨਜ਼ਰਾਂ ਤੇ...

# ਬਦਲਦੀਆਂ ਨਜ਼ਰਾਂ ਤੇ...

( ਇਕਾਂਗੀ ਸੰਗ੍ਰਹਿ )

**ਗੁਰਨਾਮ ਸਿੰਘ ਪ੍ਰਭਾਤ**

# BADLDIAN NAZRAN TE...

( in Punjabi )

© Gurnam Singh Prabhat

email : theprabhats84@gmail.com

ਇਸ ਸੰਗ੍ਰਹਿ ਵਿਚੋਂ ਕੋਈ ਵੀ ਨਾਟਕ
ਨਾਟਕਕਾਰ ਦੀ ਆਗਿਆ ਬਿਨਾਂ ਸਟੇਜ ਨਾ ਕੀਤਾ ਜਾਵੇ।

**Edition : First Edition 2015**

**ISBN : 978-93-5235-638-6**

Price : ₹150/-

*Published by* : **Today Publications,**
728, Indl. Area Phase-II, Chandigarh

*Tittle Design*
*& Layout* : **Parminder Singh**

*Printed at* : **Printing Centre**
Sector 21-C, Chandigarh 160 022

# ਤਤਕਰਾ


○ ਸੰਵੇਦਨਾ ਤੇ ਯਥਾਰਥ ਦਾ ਸੁਮੇਲ (i)

–ਡਾ. ਗੁਰਬਚਨ ਸਿੰਘ ਰਾਹੀ

1 ਬਦਲਦੀਆਂ ਨਜ਼ਰਾਂ ਤੇ 1

2 ਅਨੋਖੀਆਂ ਰੀਤਾਂ 19

3 ਅਕਲਾਂ ਵਾਲੇ ਵੰਡਣ ਕੁੱਖਾਂ 41

4 ਭਿੱਟੇ ਹੱਥਾਂ ਵਾਲੀ 57

5 ਰਿਸ਼ਤੇ ਧੁਰਾਂ ਦੇ 79

# ਸੰਵੇਦਨਾ ਤੇ ਯਥਾਰਥ ਦਾ ਸੁਮੇਲ

ਜੀਵਨ ਇਕ ਵਿਸ਼ਾਲ ਪਸਾਰਾ ਹੈ। ਇਸ ਵਿਸ਼ਾਲ ਪਸਾਰੇ ਵਿੱਚ ਹਰ ਪਲ ਕੋਈ ਨਾ ਕੋਈ ਵਚਿੱਤਰ ਘਟਨਾ ਘਟਦੀ ਹੀ ਰਹਿੰਦੀ ਹੈ। ਇਕ ਸਾਧਾਰਣ ਮਨੁੱਖ ਲਈ ਜਿੱਥੇ ਕੋਈ ਘਟਨਾ ਮਾਮੂਲੀ ਜਾਂ ਨਿਰਾਰਥਕ ਹੁੰਦੀ ਹੈ, ਉਥੇ ਕਲਾਕਾਰੀ ਬਿਰਤੀ ਵਾਲਾ ਮਨੁੱਖ ਉਸ ਘਟਨਾ ਵਿੱਚੋਂ ਵੀ ਕੋਈ ਅਗੰਮੀ ਜਾਂ ਅਦਭੁੱਤ ਸੰਦੇਸ਼ ਲੱਭ ਲੈਂਦਾ ਹੈ; ਜੋ ਜ਼ਿੰਦਗੀ ਨੂੰ ਇਕ ਨਵੀਂ ਸੇਧ, ਇਕ ਨਵਾਂ ਦਿਸ਼ਾ-ਨਿਰਦੇਸ਼ ਦੇ ਕੇ ਜ਼ਿੰਦਗੀ ਨੂੰ ਜੀਣਯੋਗ ਬਣਾ ਦਿੰਦਾ ਹੈ। ਕਲਾਕਾਰ ਲਈ ਹਰ ਘਟਨਾ ਇੱਕ ਗੁੱਝਾ ਸੰਕੇਤ ਹੁੰਦੀ ਹੈ ਤੇ ਉਸ ਸੰਕੇਤ ਦੀ ਸਹਾਇਤਾ ਨਾਲ ਉਹ ਮਾਨਵ-ਜਾਤੀ ਲਈ ਇਕ ਨਵੇਂ ਸੰਦੇਸ਼ ਦੀ ਸਿਰਜਨਾ ਕਰ ਲੈਂਦਾ ਹੈ। ਕਲਾਕਾਰ ਜੋ ਕੁੱਝ ਅਨੁਭਵ ਕਰਦਾ ਹੈ, ਉਸ ਨੂੰ ਕਲਾ ਵਿੱਚ ਢਾਲ ਕੇ ਲੋਕਾਂ ਦੇ ਸਨਮੁੱਖ ਕਰ ਦਿੰਦਾ ਹੈ। ਇਸੇ ਗੱਲ ਵਿੱਚ ਹੀ ਉਸ ਦੀ ਵਿਲੱਖਣਤਾ ਛੁਪੀ ਹੁੰਦੀ ਹੈ। ਆਪਣੀ ਇਸ ਵਿਲੱਖਣਤਾ ਨੂੰ ਜ਼ਾਹਿਰ ਕਰਨ ਲਈ ਉਹ ਸਾਹਿਤ ਦੇ ਕਿਸੇ ਨਾ ਕਿਸੇ ਰੂਪ ਦੀ ਸਹਾਇਤਾ ਲੈਂਦਾ ਹੈ।

ਸਾਹਿਤ ਦੇ ਕਈ ਰੂਪ ਹਨ - ਕਵਿਤਾ, ਕਹਾਣੀ, ਨਾਵਲ, ਨਾਟਕ ਆਦਿ। ਇਨ੍ਹਾਂ ਵਿੱਚੋਂ ਨਾਟਕ ਇਕ ਅਜਿਹੀ ਵਿਧੀ ਹੈ ਜਿਸ ਵਿੱਚ ਸਾਰੀਆਂ ਕੋਮਲ ਕਲਾਵਾਂ ਦਾ ਸੰਮਿਸ਼ਰਣ ਹੁੰਦਾ ਹੈ। ਇਹ ਜ਼ਿੰਦਗੀ ਦੇ ਜ਼ਿਆਦਾ ਨੇੜੇ ਹੁੰਦਾ ਹੈ। ਇਹ ਦੂਜੀਆਂ ਕਲਾਵਾਂ ਦੀ ਸਹਾਇਤਾ ਨਾਲ ਮੰਚ ਉਤੇ ਜੀਵਨ ਨੂੰ ਧੜਕਦਾ ਵਿਖਾ ਦਿੰਦਾ ਹੈ। ਇਸ ਵਿੱਚ ਕ੍ਰਿਤ, ਚਿੱਤਰਕਾਰੀ, ਬੁੱਤਕਾਰੀ ਅਤੇ ਸ਼ਿਲਪ ਆਦਿ ਦਾ ਸਮਾਵੇਸ਼ ਹੁੰਦਾ ਹੈ। ਸਾਹਿਤ ਦੀਆਂ

ਸਾਰੀਆਂ ਵੰਨਗੀਆਂ ਵਿੱਚੋਂ ਨਾਟਕ ਸਭ ਤੋਂ ਵੱਧ ਵਚਿੱਤਰ, ਸੂਖਮ ਅਤੇ ਸਭ ਤੋਂ ਵੱਧ ਆਕ੍ਰਸ਼ਿਤ ਕਰਨ ਵਾਲਾ ਹੈ। ਇਸ ਦਾ ਸਭ ਤੋਂ ਡੂੰਘਾ ਸਬੰਧ ਰੰਗਮੰਚ ਨਾਲ ਹੈ ਤੇ ਇਹ ਪੂਰਨ ਤੌਰ 'ਤੇ ਰੰਗਮੰਚ ਉੱਤੇ ਹੀ ਨਿਰਭਰ ਕਰਦਾ ਹੈ। ਨਾਟਕ ਅਤੇ ਰੰਗਮੰਚ ਦੇ ਸਬੰਧਾਂ ਬਾਰੇ ਸਭ ਤੋਂ ਚੰਗਾ ਤੇ ਨਿੱਗਰ ਪ੍ਰਮਾਣ ਸਾਨੂੰ ਭਰਤਮੁਨੀ ਦਾ ਨਾਟਯ-ਸ਼ਾਸਤਰ ਤੋਂ ਮਿਲਦਾ ਹੈ। ਉਸ ਨੇ ਇਸ ਗ੍ਰੰਥ ਵਿੱਚ ਜਿੱਥੇ ਨਾਟਕ ਦੀ ਕਹਾਣੀ, ਪਾਤਰ-ਉਸਾਰੀ ਅਤੇ ਹੋਰ ਦੂਸਰੀਆਂ ਸਬੰਧਤ ਲੋੜਾਂ ਬਾਰੇ ਸੂਚਿਤ ਕੀਤਾ ਹੈ, ਉਥੇ ਰੰਗਮੰਚ ਦੀ ਮਹਾਨਤਾ ਵੀ ਪ੍ਰਗਟ ਕੀਤੀ ਹੈ। ਉਸੀ ਦ੍ਰਿਸ਼ ਵਿੱਚ ਰੰਗਮੰਚ ਇਕ ਪੂਜਣਯੋਗ ਸਥਾਨ ਹੈ।

ਉਪਰੋਕਤ ਦੀ ਰੌਸ਼ਨੀ ਵਿੱਚ ਜਦੋਂ ਅਸੀਂ ਪ੍ਰੋਫੈਸਰ ਪ੍ਰਭਾਤ ਦੇ ਨਾਟਕਾਂ ਦਾ ਅਧਿਐਨ ਕਰਦੇ ਹਾਂ ਤਾਂ ਇਹ ਗੱਲ ਭਲੀ-ਭਾਂਤ ਉਜਾਗਰ ਹੋ ਜਾਂਦੀ ਹੈ ਕਿ ਪ੍ਰੋ. ਪ੍ਰਭਾਤ ਦੇ ਸਾਰੇ ਇਕਾਂਗੀ ਰੰਗਮੰਚ ਨਾਲ ਪੂਰੀ ਨੇੜਤਾ ਰਖਦੇ ਹਨ ਤੇ ਰੰਗਮੰਚ ਦੀਆਂ ਸਮੱਸਤ ਲੋੜਾਂ ਤੇ ਪੂਰੇ ਉਤਰਦੇ ਹਨ। ਪ੍ਰੋ. ਪ੍ਰਭਾਤ ਦਾ ਰੰਗਮੰਚ ਪ੍ਰਤੀ ਦ੍ਰਿਸ਼ਟੀਕੋਣ ਯਥਾਰਥਵਾਦੀ ਹੈ। ਉਹ ਹਰ ਗੱਲ ਹਰ ਕਥਨ ਨੂੰ ਯਥਾਰਥ ਦੀ ਕਸਵੱਟੀ ਉੱਤੇ ਪਰਖ ਕੇ ਪੇਸ਼ ਕਰਦਾ ਹੈ। ਇਸ ਇਕਾਂਗੀ ਸੰਗ੍ਰਹਿ ਵਿੱਚ ਉਸ ਦੁਆਰਾ ਰਚਿਤ ਪੰਜ ਇਕਾਂਗੀ ਹਨ ਜੋ ਰੰਗਮੰਚ ਦੇ ਸੱਚ ਅਤੇ ਜੀਵਨ ਦੇ ਯਥਾਰਥ ਨਾਲ ਪੂਰੀ ਤਰ੍ਹਾਂ ਜੁੜੇ ਹੋਏ ਹਨ।

ਪਹਿਲੇ ਇਕਾਂਗੀ **ਬਦਲਦੀਆਂ ਨਜ਼ਰਾਂ ਤੇ** ਵਿੱਚ ਉਸ ਨੇ ਇਹ ਦੱਸਣ ਦਾ ਯਤਨ ਕੀਤਾ ਹੈ ਕਿ ਸੱਚੇ ਸੁੱਚੇ ਪਿਆਰ ਵਿੱਚ ਬੜੀ ਸ਼ਕਤੀ ਹੁੰਦੀ ਹੈ। ਸੱਚਾ ਪਿਆਰ ਬਾਹਰ ਦੀ ਸੁੰਦਰਤਾ ਨੂੰ ਨਹੀਂ ਵੇਖਦਾ, ਅੰਦਰਲੀ ਸੁੰਦਰਤਾ ਨੂੰ ਵੇਖਦਾ ਹੈ। ਨਾਲ ਹੀ ਇਹ ਸੰਦੇਸ਼ ਵੀ ਦਿੱਤਾ ਹੈ ਕਿ ਨੇਤਰ ਦਾਨ ਕਰਨ ਨਾਲ ਕਿਸੇ ਵਿਅਕਤੀ ਨੂੰ ਬਾਹਰਲੀ ਦੁਨੀਆਂ ਨੂੰ ਵੀ ਵੇਖਣ ਦਾ ਅਵਸਰ ਮਿਲ ਜਾਂਦਾ ਹੈ। 'ਮਾਂ' ਦਾ ਪਾਤਰ ਦਕਿਆਨੂਸੀ ਸੋਚ ਦੀ ਪ੍ਰਤਿਨਿਧਤਾ ਕਰਦਾ ਹੈ, ਪਰ ਉਸ ਦਾ

ਡਾਕਟਰ ਪੁੱਤਰ ਨਵੀਂ ਸੋਚ ਦਾ ਧਾਰਨੀ ਬਣ ਕੇ ਆਪਣੀ ਭੈਣ ਦੇ ਮਨ ਚਾਹੇ ਅੰਨ੍ਹੇ ਸਾਥੀ ਨੂੰ ਆਪਣੀ ਇਕ ਅੱਖ ਦਾਨ ਕਰ ਕੇ ਆਪਣੀ ਭੈਣ ਦੀ ਇੱਛਾ ਨੂੰ ਪੂਰੀ ਕਰਦਾ ਹੈ। ਅੰਤ ਵਿੱਚ ਪੁਰਾਣੀ ਅਤੇ ਦਕਿਆਨੂਸੀ ਸੋਚ ਨਵੀਂ ਸੋਚ ਅੱਗੇ ਹਥਿਆਰ ਸੁੱਟ ਦੇਂਦੀ ਹੈ।

ਦੂਜੇ ਇਕਾਂਗੀ **ਅਨੋਖੀਆਂ ਰੀਤਾਂ** ਵਿੱਚ ਪੰਜਾਬੀ ਸਭਿਆਚਾਰ, ਪੰਜਾਬੀ ਅਣਖ ਤੇ ਪੰਜਾਬੀ ਵੀਰਤਾ ਨੂੰ ਨਾਟਕੀ ਅੰਦਾਜ਼ ਵਿੱਚ ਢਾਲ ਕੇ ਪੇਸ਼ ਕੀਤਾ ਹੈ। ਪੰਜਾਬੀ, ਚਾਹੇ ਕੁੱਝ ਵੀ ਹੋ ਜਾਵੇ, ਆਪਣੀ ਅਣਖ ਅਤੇ ਆਪਣੀ ਰੀਤ ਨੂੰ ਕਦੇ ਨਹੀਂ ਭੁਲਾਉਂਦੇ। ਠੀਕ ਹੀ ਕਹਿੰਦੇ ਹਨ – ਪੰਜਾਬੀ ਨਾ ਪਿੜ ਛੱਡਦਾ ਹੈ ਤੇ ਨਾ ਹੀ ਹੱਥ ਟੱੜਦਾ ਹੈ। ਪੰਜਾਬੀ ਮਾਂਵਾਂ ਕਿਵੇਂ ਆਪਣੇ ਪਤੀ, ਭਰਾ ਤੇ ਪੁੱਤਰ ਨੂੰ ਦੇਸ਼ ਲਈ ਕੁਰਬਾਨ ਹੋਣ ਲਈ ਹਮੇਸ਼ਾ ਤਤਪਰ ਰਹਿੰਦੀਆਂ ਹਨ। ਜੇ ਕਿਸੇ ਦੇ ਮਨ ਵਿੱਚ ਕਾਇਰਤਾ ਆਉਂਦੀ ਵੀ ਹੈ ਤਾਂ ਉਸ ਨੂੰ ਮਾਂਵਾਂ ਅਣਖ ਵਿੱਚ ਪਰਿਵਰਤਿਤ ਕਰ ਦਿੰਦੀਆਂ ਹਨ। ਬੱਚੇ ਕੁਰਬਾਨ ਹੁੰਦੇ ਹਨ ਤਾਂ ਮਾਂਵਾਂ ਇਸ ਨੂੰ ਦੇਸ਼ ਉੱਤੇ ਕਰਜ਼ੇ ਦਾ ਭੁਗਤਾਨ ਕਰਨਾ ਸਮਝਦੀਆਂ ਹਨ।

ਇਕਾਂਗੀ **ਅਕਲਾਂ ਵਾਲੇ ਵੰਡਣ ਕੁੱਖਾਂ** ਵਿੱਚ ਦੇਸ਼ ਦੀ ਵੰਡ ਦੇ ਸੰਤਾਪ ਨੂੰ ਇੱਕ ਸੰਵੇਦਨਾਤਮਕ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਇੱਥੇ ਸੰਵੇਦਨਾ ਅਤੇ ਯਥਾਰਥ ਦਾ ਸੁਚੱਜਾ ਸੁਮੇਲ ਵਿਖਾਇਆ ਗਿਆ ਹੈ। ਦੇਸ਼ ਦੀ ਵੰਡ ਨੇ ਕਿਵੇਂ ਮਾਂਵਾਂ, ਪੁੱਤਾਂ ਤੇ ਸਾਕ ਸਬੰਧੀਆਂ ਨੂੰ ਅਤੇ ਧਰਤੀ ਨਾਲ ਮੋਹ ਦੀਆਂ ਤੰਦਾਂ ਨੂੰ ਵੀ ਤਾਰ ਤਾਰ ਕਰ ਦਿੱਤਾ ਸੀ। 'ਵਲੀ' ਨਾਂ ਦਾ ਪਾਤਰ ਭ ਵੇਂ ਇਸ ਧਰਤੀ ਦਾ ਜੰਮਪਲ ਹੈ, ਪਰ ਪਾਕਿਸਤਾਨੀ ਫ਼ੌਜ ਦਾ ਇਕ ਸਿਪਾਹੀ ਬਣ ਕੇ ਭਾਰਤੀ ਪਿੰਡ

ਜੋ ਕਿ ਉਸ ਦਾ ਆਪਣਾ ਹੀ ਜੱਦੀ ਪਿੰਡ ਸੀ, ਵਿੱਚ ਆਤੰਕ ਫੈਲਾਉਣ ਤੇ ਤਬਾਹੀ ਕਰਨ ਆਉਂਦਾ ਹੈ, ਪਰ ਇੱਥੋਂ ਦੀ ਮਿੱਟੀ ਦਾ ਮੋਹ ਅਤੇ ਪਾਣੀ ਦੀ ਠੰਢਕ ਉਸ ਦਾ ਹਿਰਦੇ-ਪਰਿਵਰਤਨ ਕਰ ਦਿੰਦੀ ਹੈ ਤੇ ਉਹ ਇਸੇ ਧਰਤੀ 'ਤੇ ਆਪਣੇ ਪ੍ਰਾਣ ਤਿਆਗ ਦਿੰਦਾ ਹੈ। ਇਕਾਂਗੀ ਦੀ ਕਹਾਣੀ ਅਪਣੇ ਆਪ ਵਿੱਚ ਅਨੇਕ ਪ੍ਰਸ਼ਨ ਛੁਪਾਈ ਬੈਠੀ ਹੈ; ਜਿਨ੍ਹਾਂ ਦਾ ਹੱਲ ਹੁੰਦਿਆਂ ਹੋਇਆਂ ਵੀ ਕੋਈ ਹੱਲ ਨਜ਼ਰ ਨਹੀਂ ਆਉਂਦਾ।

**ਭਿੱਟੇ ਹੱਥਾਂ ਵਾਲੀ** ਇਕਾਂਗੀ ਵਿੱਚ ਨਾਟਕਕਾਰ ਨੇ ਉਸ ਵੇਲੇ ਨੂੰ ਆਧਾਰ ਬਣਾਇਆ ਹੈ, ਜਦੋਂ ਪੰਜਾਬ ਦੀ ਵੰਡ ਹੋਈ। ਕਿਵੇਂ ਘੁੱਗ ਵੱਸਦੇ ਹਿੰਦੂ, ਸਿੱਖ, ਮੁਸਲਮਾਨਾਂ ਦੀਆਂ ਸਦੀਆਂ ਦੀ ਸਾਂਝ ਤਾਰ-ਤਾਰ ਹੋ ਗਈ। ਜੇ ਸਹੀ ਅਰਥਾਂ ਵਿੱਚ ਵੇਖਿਆ ਜਾਵੇ ਤਾਂ ਇਹ ਗੱਲ ਦਿਨ ਦੇ ਚਾਨਣ ਵਾਂਗ ਸਪੱਸ਼ਟ ਹੈ ਕਿ ਅਸੀਂ ਹਿੰਦੂ ਸਿੱਖ ਹੀ ਪੰਜਾਬ ਦੀ ਵੰਡ ਲਈ ਜ਼ਿਆਦਾ ਜ਼ਿੰਮੇਵਾਰ ਹਾਂ। ਸਾਡੇ ਵਿੱਚ ਜੋ ਭਿੱਟ ਦਾ ਅਭਿਆਨ ਸੀ ਅਤੇ ਆਪਣੇ ਆਪ ਨੂੰ ਦੂਜਿਆਂ ਤੋਂ ਵੱਖਰੇ ਤੇ ਵੱਡੇ ਹੋਣ ਦਾ ਅਹਿਸਾਸ ਹੀ ਪੰਜਾਬ ਦੀ ਵੰਡ ਦਾ ਆਧਾਰ ਬਣਿਆ ਹੈ। ਅੱਜ ਅਸੀਂ ਸਾਰੇ ਇਕ ਦੂਜੇ ਨੂੰ ਮਿਲਣ ਲਈ ਤਾਂਘਦੇ ਹਾਂ, ਪਿਛਲੇ ਵਕਤ ਨੂੰ ਯਾਦ ਕਰਕੇ ਆਪਣੀ ਸਾਂਝਾਂ ਨੂੰ ਯਾਦ ਕਰਕੇ ਅੱਜ ਵੀ ਹੰਝੂ ਕੇਰਦੇ ਹਾਂ। ਆਮ ਲੋਕ ਅੱਜ ਵੀ ਇਕ ਦੂਜੇ ਨੂੰ ਮਿਲਣ ਲਈ ਤੜਪ ਰਹੇ ਹਨ, ਪਰ ਦੇਸ਼ਾਂ ਦੀ ਗੰਦੀ ਰਾਜਨੀਤੀ ਮਨੁੱਖ ਨੂੰ ਮਨੁੱਖ ਤੋਂ ਤੋੜੀ ਰੱਖ ਰਹੀ ਹੈ, ਸਾਂਝਾਂ ਦੀ ਖਿੱਲੀ ਉਡਾਈ ਜਾ ਰਹੀ ਹੈ। ਅੱਜ ਪੰਜਾਬ ਵਾਸੀ ਆਪਣੇ ਹੀ ਘਰ ਵਿੱਚ ਪਾਕਿਸਤਾਨੀ ਜਾਂ ਭਾਰਤੀ ਬਣ ਗਏ ਹਨ। ਪੰਜਾਬ ਦੀ ਵੰਡ ਤੋਂ ਪਹਿਲਾਂ ਭਿੱਟ ਦੇ ਅਹਿਸਾਸ ਕਰਕੇ ਜਿਨ੍ਹਾਂ ਲੋਕਾਂ ਦੇ ਹੱਥਾਂ ਦਾ ਪੱਕਿਆ ਅਸੀਂ ਖਾਂਦੇ ਨਹੀਂ ਸਾਂ, ਅੱਜ ਉਨ੍ਹਾਂ ਦੇ ਹੱਥਾਂ ਦਾ

ਪੱਕਾ ਖਾ ਰਹੇ ਹਾਂ। ਜਿਨ੍ਹਾਂ ਬਰਤਨਾਂ ਨੂੰ ਅਸੀਂ ਉਨ੍ਹਾਂ ਨੂੰ ਹੱਥ ਨਹੀਂ ਸਾਂ ਲਗਾਉਣ ਦੇਂਦੇ ਅੱਜ ਉਨ੍ਹਾਂ ਬਰਤਨਾਂ ਵਿੱਚ ਉਨ੍ਹਾਂ ਨੂੰ ਰੋਟੀ ਪਾਣੀ ਪਰੋਸ ਰਹੇ ਹਾਂ। ਇਹ ਅਜਿਹੀ ਸੋਚ ਉੱਤੇ ਇੱਕ ਤਿੱਖਾ ਵਿਅੰਗ ਹੈ। ਪੰਜਾਬੀ ਇਸ ਸੋਚ ਦੇ ਪ੍ਰਤਿਕਰਮ ਦਾ ਹੱਲ ਸ਼ਾਇਦ ਕਦੀ ਨਾ ਕਰ ਸਕਣ।

ਇਕਾਂਗੀ **ਰਿਸ਼ਤੇ ਧੁਰਾਂ ਦੇ** ਵਿੱਚ ਨਾਟਕਕਾਰ ਨੇ ਇਹ ਦੱਸਣ ਦਾ ਯਤਨ ਕੀਤਾ ਹੈ ਕਿ ਸੰਸਾਰਿਕ ਜਾਂ ਪਰਿਵਾਰਿਕ ਰਿਸ਼ਤੇ ਧੁਰਾਂ ਤੋਂ ਹੀ ਨਿਸ਼ਚਿਤ ਹੋ ਜਾਂਦੇ ਹਨ। ਸੰਸਾਰਿਕ ਪੱਧਰ 'ਤੇ ਹਾਲਾਤ ਭਾਵੇਂ ਕਿਸੇ ਵੀ ਤਰ੍ਹਾਂ ਦੇ ਹੋਣ, ਸਥਿਤੀ, ਪ੍ਰਸਥਿਤੀਆਂ ਭਾਵੇਂ ਕਿਹੋ ਜਿਹਾ ਰੂਪ ਬਦਲ ਲੈਣ, ਪਰ ਦਿਲਾਂ ਦੇ ਰਿਸ਼ਤੇ ਕਿਸੇ ਨਾ ਕਿਸੇ ਤਰ੍ਹਾਂ ਆ ਹੀ ਜੁੜਦੇ ਹਨ। ਮਨੁੱਖ ਹਾਲਾਤ ਦਾ ਗੁਲਾਮ ਹੁੰਦਾ ਹੋਇਆ ਹਾਲਾਤ ਨਾਲ ਸਮਝੌਤਾ ਕਰਨ ਲਈ ਮਜ਼ਬੂਰ ਹੋ ਹੀ ਜਾਂਦਾ ਹੈ।

ਇਸ ਇਕਾਂਗੀ ਸੰਗ੍ਰਹਿ ਵਿੱਚ ਸੰਗ੍ਰਹਿਤ ਇਕਾਂਗੀਆਂ ਨਾਲ ਸੰਖੇਪ ਵਿੱਚ ਦਿੱਤੀ ਇਹ ਜਾਣਕਾਰੀ ਸਪੱਸ਼ਟ ਕਰਦੀ ਹੈ ਕਿ ਪ੍ਰੋਫੈਸਰ ਪ੍ਰਭਾਤ ਇਕ ਅਨੁਭਵੀ ਨਾਟਕਕਾਰ ਹੈ ਜੋ ਨਾਟਕੀ ਤਕਨੀਕਾਂ, ਨਾਟਕੀ ਜੁਗਤਾਂ ਤੇ ਨਾਟ-ਮੰਚਨ ਦੀਆਂ ਸਮੱਸਤ ਵਿਧੀਆਂ ਤੋਂ ਪੂਰੀ ਤਰ੍ਹਾਂ ਜਾਣੂ ਹੈ। ਨਾਟਕ ਦਾ ਕੋਈ ਵੀ ਸੀਨ ਜਾਂ ਝਾਕੀ ਅਜਿਹੀ ਨਹੀਂ ਹੈ ਜੋ ਮੰਚ ਤੇ ਪ੍ਰਦਰਸ਼ਿਤ ਨਾ ਕੀਤੀ ਜਾ ਸਕਦੀ ਹੋਵੇ। ਕੋਈ ਵੀ ਸੀਨ ਅਜਿਹਾ ਨਹੀਂ ਜੋ ਸਮਾਜਿਕ ਕਦਰਾਂ-ਕੀਮਤਾਂ ਦੀ ਅਣਦੇਖੀ ਕਰਦਾ ਹੋਵੇ ਤੇ ਸਭਿਆਚਾਰਕ ਮੁੱਲਾਂ ਦੇ ਉਲਟ ਜਾਂਦਾ ਹੋਵੇ। ਉਸ ਦੇ ਇਹ ਸਾਰੇ ਹੀ ਇਕਾਂਗੀ ਪਰਿਵਾਰਿਕ ਜੀਆਂ ਨੂੰ ਆਪਸ ਵਿੱਚ ਜੋੜੀ ਰੱਖਣ ਦਾ ਸਦੀਵੀ ਸੰਦੇਸ਼ ਦਿੰਦੇ ਹਨ।

ਇਸ ਇਕਾਂਗੀ ਸੰਗ੍ਰਹਿ ਨੂੰ ਪੇਸ਼ ਕਰਨ ਤੋਂ ਪਹਿਲਾਂ ਪ੍ਰੋ. ਪ੍ਰਭਾਤ **ਕਰਤਾਰਪੁਰ ਦੇ ਰਾਹ ਤੇ** ਅਤੇ **ਤੁਰੇ ਤੇਗ ਦੀ ਧਾਰ 'ਤੇ** ਦੋ ਇਕਾਂਗੀ ਸੰਗ੍ਰਹਿ

ਪੰਜਾਬੀ ਰੰਗਮੰਚ ਨੂੰ ਦੇ ਚੁੱਕਾ ਹੈ। ਇਨ੍ਹਾਂ ਦੋਹਾਂ ਸੰਗ੍ਰਹਾਂ ਵਿੱਚ ਉਸ ਨੇ ਸਿੱਖ ਧਰਮ ਅਤੇ ਸਿੱਖ ਇਤਿਹਾਸ ਵਿੱਚੋਂ ਮਹੱਤਵਪੂਰਣ ਘਟਨਾਵਾਂ ਪ੍ਰਦਰਸ਼ਿਤ ਕੀਤੀਆਂ ਹਨ ਅਤੇ ਪੰਜਾਬੀਆਂ ਨੂੰ ਆਪਣੇ ਇਤਿਹਾਸਕ ਵਿਰਸੇ ਨਾਲ ਜੋੜਨ ਦਾ ਇਕ ਸਫਲ ਯਤਨ ਕੀਤਾ ਹੈ। ਸਿੱਖ ਇਤਿਹਾਸ ਹੈ ਹੀ ਕੁਰਬਾਨੀਆਂ ਦਾ ਇਤਿਹਾਸ, ਪਰ ਅਫ਼ਸੋਸ ਦੀ ਗੱਲ ਹੈ ਕਿ ਸੰਗ੍ਰਹਿ ਹੀ ਪੰਜਾਬੀਆਂ ਨੂੰ ਆਪਣੇ ਇਤਿਹਾਸਿਕ ਗੌਰਵ ਦੀ ਯਾਦ ਤਾਜ਼ਾ ਕਰਵਾਉਂਦੇ ਹਨ।

ਪ੍ਰੋ. ਪ੍ਰਭਾਤ ਦਾ ਇਹ ਤੀਜਾ ਇਕਾਂਗੀ ਸੰਗ੍ਰਹਿ ਸਮਾਜਿਕ ਵਿਸ਼ਿਆਂ ਦੀ ਪ੍ਰਦਰਸ਼ਨੀ ਕਰਦਾ ਹੈ। ਇਸ ਵਿਚਲੇ ਦੋ ਇਕਾਂਗੀ–'ਅਕਲਾਂ ਵਾਲੇ ਵੰਡਣ ਕੁੱਖਾਂ' ਅਤੇ 'ਭਿੱਟੇ ਹੱਥਾਂ ਵਾਲੀ' ਇਕ ਦੂਜੇ ਦੇ ਪੂਰਕ ਜਾਪਦੇ ਹਨ। ਦੋਵੇਂ ਹੀ 1947 ਵਿੱਚ ਪੰਜਾਬ ਦੀ ਹੋਈ ਵੰਡ ਤੋਂ ਸਾਨੂੰ ਪਰੀਚਿਤ ਕਰਵਾਉਂਦੇ ਹਨ ਕਿ ਕਿਵੇਂ ਇਸ ਵੰਡ ਨੇ ਸਾਰੇ ਪਰਿਵਾਰਿਕ ਰਿਸ਼ਤਿਆਂ, ਭਾਈਚਾਰਕ ਸਾਂਝਾਂ ਅਤੇ ਭਾਵਾਤਮਕ ਸੋਚਾਂ ਨੂੰ ਬਰਬਾਦ ਕਰ ਕੇ ਮਾਨਵੀ ਕਦਰਾਂ-ਕੀਮਤਾਂ ਦੀ ਖਿੱਲੀ ਉਡਾਈ ਹੈ।

ਗੱਲ ਕੀ, ਇਹ ਸਾਰੇ ਇਕਾਂਗੀ ਪੰਜਾਬੀ ਨਾਟ-ਸਾਹਿਤ ਵਿੱਚ ਨਿੱਗਰ ਤੇ ਮੁੱਲਵਾਨ ਵਾਧਾ ਕਰਦੇ ਹਨ। ਮੈਂ ਇਨ੍ਹਾਂ ਨੂੰ "ਜੀ ਆਇਆਂ" ਕਹਿੰਦਾ ਹੋਇਆ ਇਨ੍ਹਾਂ ਦਾ ਅਭਿਨੰਦਨ ਕਰਦਾ ਹਾਂ ਤੇ ਪ੍ਰੋਫੈਸਰ ਪ੍ਰਭਾਤ ਨੂੰ ਹਾਰਦਿਕ ਵਧਾਈ ਦੇਂਦਾ ਹਾਂ।

**ਡਾ. ਗੁਰਬਚਨ ਸਿੰਘ ਰਾਹੀ**

*ਮੋਬਾਈਲ ਨੰ:*
*98780-36188*

*36-ਡਾਕਟਰਜ਼ ਐਨਕਲੇਵ,*
*ਸਟੇਡੀਅਮ ਰੋਡ,*
*ਪਟਿਆਲਾ-147001*

# ਬਦਲਦੀਆਂ ਨਜ਼ਰਾਂ ਤੇ

## ਪਾਤਰ

| | |
|---|---|
| ਕਿਰਨ | ਉਮਰ 22 ਕੁ ਸਾਲ |
| ਬਾਬਾ | ਉਮਰ 70 ਕੁ ਸਾਲ |
| ਰਣਜੀਤ | ਉਮਰ 25 ਕੁ ਸਾਲ |
| ਮਾਂ | ਉਮਰ 60 ਕੁ ਸਾਲ |
| ਜਸਵੰਤ ਕੌਰ | ਉਮਰ 50 ਕੁ ਸਾਲ |
| ਕੰਵਲ | ਉਮਰ 24 ਕੁ ਸਾਲ |

# 1 ਬਦਲਦੀਆਂ ਨਜ਼ਰਾਂ ਤੇ

ਪਰਦਾ ਖੁੱਲ੍ਹਦਾ ਹੈ.....

**ਕਿਰਨ** ਤਾਨਪੁਰੇ ਤੇ ਸਿਰ ਰੱਖੀ ਬੈਠੀ ਦਿਸਦੀ ਹੈ;
ਪਰਦਾ ਖੁਲ੍ਹਦਿਆਂ ਹੀ ਉੱਠ ਕੇ ਅੰਦਰ ਚਲੀ ਜਾਂਦੀ ਹੈ...

**ਬਾਬਾ** (ਇੱਕ ਬੁੱਢਾ ਨੌਕਰ...) ਕਮਰੇ ਵਿਚ ਪਈਆਂ ਚੀਜ਼ਾਂ ਨੂੰ ਠੀਕ ਕਰਦਾ-ਕਰਦਾ ਗੁਰੂ ਨਾਨਕ ਦੇਵ ਜੀ ਦੀ ਤਸਵੀਰ ਅੱਗੇ ਹੱਥ ਜੋੜ ਕੇ ਬੋਲਦਾ ਹੈ...

ਬਾਬਾ : ਹੇ ਗੁਰੂ ਮਹਾਰਾਜ! ਹੇ ਭਗਵਨ, ਯਿਹ ਕੈਸੀ ਲੀਲ੍ਹਾ ਹੈ! ਦੇਖਤੇ-ਦੇਖਤੇ ਸੁਅਰਗ ਜੈਸਾ ਘਰ ਕੈਸਾ ਨਰਕ ਬਣੇ ਜਾਏ ਹੈ। ਇਸ ਪਰਿਵਾਰ ਕੀਆਂ ਖੁਸੀਆਂ ਲੌਟਾ ਦੋ ਭਗਵਨ...

(**ਰਣਜੀਤ** ਖੰਘਦੀ ਹੋਈ ਆਉਂਦੀ ਹੈ...)
ਜਾਗ ਪੜੀ ਬਿਟੀਆ, ਕੈਸੀ ਹੋ?

ਰਣਜੀਤ : ਅੱਛੀ ਹੂੰ ਬਾਬਾ।

ਬਾਬਾ : ਮੈਂ ਅਭੀ ਊਪਰ ਦੇਖਤ ਰਹਾ, ਮੈਂ ਸੋਚਾ ਬਿਟੀਆ ਸੋਇ ਰਹੀ ਹੈ। ਅਬ ਚਾਏ ਲਾਊਂ... ਯਾ ਦੂਧ ਹੀ ਲੇ ਆਊਂ, ਔਰ ਦਵਾਈ ਭੀ।

ਰਣਜੀਤ : ਦਵਾਈ ਨਹੀਂ ਤੇ ਦੁੱਧ ਵੀ ਨਹੀਂ।

ਬਾਬਾ : ਫਿਰ ਵੁਹੀ ਝਗੜਾ, ਦੂਧ ਕੀ ਬਜਾਏ ਤੋ ਚਾਏ ਚਲੇਗੀ ਪਰ ਦਵਾਈ ਤੋ ਖਾਣੀ ਹੀ ਹੈ। ਬਿਟੀਆ ਦਵਾਈ ਖਾਏਗੀ ਔਰ ਹਮ ਦੁਆ ਕਰੇਂਗੇ ਔਰ ਭਗਵਨ ਹਮਾਰੀ ਬੇਟੀ ਕੋ ਤੰਦਰੁਸਤ ਕਰ ਦੇਵੇਂਗੇ... ਤੁਮ ਬੈਠੋ ਮੈਂ ਅਭੀ ਆਤਾ ਹੂੰ ਲੇ ਕਰ ਚਾਏ।

(ਚਲਾ ਜਾਂਦਾ ਹੈ... **ਮਾਂ** ਆਉਂਦੀ ਹੈ ਤੇ ਰਣਜੀਤ ਦੀ ਬਾਂਹ ਫੜ ਕੇ ਦੇਖਦੀ ਹੈ...)

ਮਾਂ : ਕੀ ਹਾਲ ਐ ਰੰਜੂ?

ਰਣਜੀਤ : (ਬਾਂਹ ਛੁਡਾ ਕੇ...) ਠੀਕ ਹਾਂ (ਉਠ ਕੇ ਚਲੀ ਜਾਂਦੀ ਹੈ...)

ਮਾਂ : (ਆਪਣੇ ਆਪ ਨਾਲ...) ਕਿੰਨੀ ਬਦ-ਕਿਸਮਤ ਹਾਂ ਮੈਂ, ਮੇਰੇ ਬੱਚੇ ਵੀ ਮੈਨੂੰ ਦੇਖ ਕੇ ਰਾਜ਼ੀ ਨਹੀਂ। ਇਸ ਘਰ ਵਿਚ ਮੇਰੀ ਹੁਣ ਕੋਈ ਲੋੜ ਨਹੀਂ। ਮੈਂ ਕੀ ਕਰਨੈ ਏਥੇ ਰਹਿ ਕੇ... ਮੈਂ ਕੀ ਕਰਾਂ, ਕਿਥੇ ਚਲੀ ਜਾਵਾਂ?

(ਕਿਰਨ ਆ ਜਾਂਦੀ ਹੈ...)

ਕਿਰਨ : ਮੱਮੀਂ ਤੁਸੀਂ ਕਿਉਂ ਕਿਤੇ ਜਾਵੋ, ਤੁਸੀਂ ਆਪਣੇ ਘਰ ਰਹੋ ਸਾਨੂੰ ਚਲੇ ਜਾਣ ਦਿਓ। ਅਸੀਂ ਜਾਣ ਨੂੰ ਤਿਆਰ ਹਾਂ... ਸਾਡਾ ਚਲੇ ਜਾਣਾ ਠੀਕ ਵੀ ਹੈ।

ਮਾਂ : ਠੀਕ ਹੈ ਜਾਂ ਨਹੀਂ ਪਰ ਤੂੰ ਤਾਂ ਉਜੜ ਜਾਣ ਦਾ ਬਹਾਨਾ ਹੀ ਚਾਹੁੰਦੀ ਹੈਂ। ਉਸ ਅੰਨ੍ਹੇ ਨਾਲ ਰਲ ਕੇ ਤੂੰ ਅੰਨ੍ਹੀ ਹੋ ਗਈ ਹੈਂ ਅੰਨ੍ਹੀ।

ਕਿਰਨ : ਕਿਉਂ ਕੌੜੇ ਬੋਲ ਬੋਲਦੇ ਹੋ ਮੱਮੀਂ?

ਮਾਂ : ਸੱਚ ਕੌੜਾ ਈ ਹੁੰਦੈ। ਉਹ ਅੱਖਾਂ ਦਾ ਅੰਨ੍ਹਾ ਹੈ ਤੇ ਤੂੰ ਅਕਲ ਦੀ ਅੰਨ੍ਹੀ।

ਕਿਰਨ : ਚਲੋ ਅੱਖਾਂ ਮੇਰੇ ਕੋਲ ਹਨ, ਅਕਲ ਉਨ੍ਹਾਂ ਕੋਲ... ਤੇ ਕਲਾ ਵੀ। ਕਲਾ ਦਾ ਮਤਲਬ ਹੀ ਸ਼ਕਤੀ ਹੈ। ਕਲਾ ਉਹ ਜੋਤ ਹੈ ਜੋ ਆਪਣੇ ਸਮੁੱਚੇ ਚੁਗਿਰਦੇ ਨੂੰ ਪਰ-ਜੁਅੱਲਤ ਕਰ ਦਿੰਦੀ ਹੈ। ਨੂਰੋ-ਨੂਰ ਕਰ ਦਿੰਦੀ ਹੈ। ਕਲਾਕਾਰ ਇਕ ਪੱਥ ਪਰਦਰਸ਼ਕ ਹੁੰਦੈ ਜੋ ਮਨੁੱਖਤਾ ਦੀ ਸੱਚੀ ਤੇ ਸਹੀ ਅਗਵਾਈ ਕਰਦਾ ਹੈ... ਅਤੇ ਕੰਵਲ ਇਕ ਕਲਾਕਾਰ ਹੈ, ਉਸ ਦੇ ਗਲੇ ਵਿਚ ਉਹ ਆਵਾਜ਼ ਹੈ ਜੋ ਕੁਰਾਹੇ ਜਾਂਦਿਆਂ ਨੂੰ ਸਹੀ ਸੇਧ ਦੇ ਸਕਦੀ ਹੈ। ਮੈਨੂੰ ਵਿਸ਼ਵਾਸ ਹੈ ਅਸੀਂ ਜੀਵਨ ਦੀ ਮੰਜ਼ਿਲ ਲੱਭ ਲਵਾਂਗੇ... ਜਿਥੇ ਚਾਹ ਹੋਵੇ ਰਾਹ ਮਿਲ ਹੀ ਜਾਂਦੇ ਨੇ।

ਮਾਂ : ਭਟਕਦੇ ਫਿਰੋਂਗੇ ਸਾਰੀ ਉਮਰ, ਧੱਕੇ ਖਾਂਦੇ ਫਿਰੋਂਗੇ। ਏਸ ਘਰ ਵਿਚੋਂ ਨਿਕਲ ਕੇ ਹੀ ਏਸ ਘਰ ਦੀ ਕੀਮਤ ਦਾ ਪਤਾ ਲੱਗੇਗਾ ਤੈਨੂੰ।

ਕਿਰਨ : ਇਹ ਘਰ ਹੈ ਕਿ ਭੱਠੀ, ਹਰ ਕੋਈ ਭੁੱਜੀ ਜਾ ਰਿਹੈ।

(ਬਾਬਾ ਆਉਂਦਾ ਹੈ...)

ਬਾਬਾ : ਫਿਰ ਸੇ ਝਗੜਾ? ਕਿਰਨ ਬੇਟੀ, ਚਲੋ, ਚਲੋ ਜਾਓ ਅੰਦਰ, ਦੀਦੀ ਕੇ ਸਾਥ ਬੈਠ ਕਰ ਚਾਏ ਪੀ ਲੋ (ਕਿਰਨ ਨੂੰ ਅੰਦਰ ਵੱਲ ਧੱਕ ਦਿੰਦਾ ਹੈ...) ਬੀਬੀ ਸਾਹਿਬ, ਆਪ ਬੜੀ ਹੈਂ, ਸਮਝਦਾਰ ਹੈਂ, ਸਮਝ ਸੇ ਕਾਮ ਲੋ। ਗੁੱਸਾ ਤੋ ਆਗ ਹੋਤਾ ਹੈ ਆਗ। ਆਗ ਸੇ ਆਗ ਭੜਕਤੀ ਹੈ। ਪ੍ਰੇਮ ਸੇ, ਧੀਰਜ ਸੇ ਚਲੋ, ਸਭ ਠੀਕ ਹੋਇ ਜਾਇਗਾ, ਸਭ ਠੀਕ ਹੋਇ ਜਾਇਗਾ।

ਮਾਂ : ਹੁਣ ਕੀ ਠੀਕ ਹੋਣੈਂ ਬਾਬਾ ਤੇ ਕਿਸ ਕਿਸ ਨੂੰ ਠੀਕ ਕਰਨੈ, ਪਿਆਰ ਤੇ ਧੀਰਜ ਨੇ ਹੀ ਤਾਂ ਇਨ੍ਹਾਂ ਨੂੰ

ਵਿਗਾੜਿਐ। ਕਿਹੜੀਆਂ ਰੀਝਾਂ ਤੇ ਆਸਾਂ ਨਾਲ ਇਹਨਾਂ ਨੂੰ ਪਾਲਿਆ ਤੇ ਪੜ੍ਹਾਇਆ ਸੀ। ਮੈਂ ਤਾਂ ਹਾਰ ਗਈ ਆਂ ਸਭ ਦੇ ਘਰੀਂ ਉਲਾਦ ਹੁੰਦੀ ਐ ਕਿਸੇ ਦਾ ਕੋਈ ਇਕ ਮਾੜਾ ਹੋਊ, ਚਲੋ ਦੋ ਭੈੜੇ ਹੋਣਗੇ ਪਰ ਏਥੇ ਤਿੰਨ ਦੇ ਤਿੰਨੇ ਕਮਜ਼ਾਤ ਨਿਕਲੇ। ਮਾੜੀ ਉਲਾਦ ਨਾਲੋਂ ਤਾਂ ਰੱਬ ਨਾ ਹੀ ਦੇਵੇ।

ਬਾਬਾ : ਆਪ ਗਰਮੀਂ ਮੇਂ ਹੈਂ ਬੀਬੀ ਸਾਹਿਬ, ਜ਼ਰਾ ਸਾਂਤੀ ਮੇਂ ਆਇਕੇ ਬਾਤ ਕਰੋ... ਔਰ ਏਕ ਔਰ ਬਿਨਤੀ ਕਰੂੰ ਬੀਬੀ ਸਾਹਿਬ... ਅਗਰ ਆਪ ਮਾਨੋ ਤੋ ਮੈਂ ਅਭੀ ਡਾਕਟਰ ਬੇਟੇ ਸੇ ਜਾ ਕਰ ਕਹਿ ਆਊਂ ਕਿ ਵੁਹ ਆਜ ਸਾਮ ਕੋ ਇਧਰ ਆ ਜਾਇ।

ਮਾਂ : ਮੈਂ ਉਸ ਨੂੰ ਕਦੋਂ ਰੋਕਿਐ ਉਹ ਆਪ ਈ ਨਹੀਂ ਆਉਂਦਾ, ਮੈਂ ਹੁਣ ਹੋਰ ਮਿੰਨਤਾਂ ਤਾਂ ਨਹੀਂ ਕਰ ਸਕਦੀ। ਉਸ ਨੂੰ ਨਹੀਂ ਪਤਾ ਉਸ ਦਾ ਵੀ ਕੋਈ ਫ਼ਰਜ਼ ਬਣਦੈ।

ਬਾਬਾ : ਆਪ ਕਾ ਬੇਟਾ ਹੈ ਬੀਬੀ ਸਾਹਿਬ। ਸਾਚ ਕਹੂੰ ਸਾਰਾ ਸਹਿਰ ਡਾਕਟਰ ਬੇਟੇ ਕੇ ਗੁਣ ਗਾਵੈ। ਉਸ ਕੇ ਹਾਥ ਮੇਂ ਕਰਿਸਮਾਂ ਹੈ ਕਰਿਸਮਾਂ। ਜਿਸ ਕੋ ਵੁਹ ਆਪਨਾ ਹਾਥ ਲਗਾਵੇ ਉਸ ਕੀ ਦੁਨੀਆ ਰੋਸਨੀ ਸੇ ਭਰ ਜਾਵੇ।

ਮਾਂ : ਦੁਨੀਆਂ ਨੂੰ ਰੋਸ਼ਨੀ ਵੰਡਣ ਵਾਲਾ ਕਦੇ ਆਵਦੀ ਮਾਂ ਦੀਆਂ ਅੱਖਾਂ ਵਿਚ ਝਾਕ ਕੇ ਤਾਂ ਵੇਖੇ ਕਿਵੇਂ ਮੇਰੀ ਦੁਨੀਆਂ ਹਨੇਰੀ ਹੋਈ ਪਈ ਐ। ਕਿੰਨੀਆਂ ਆਸਾਂ ਹੁੰਦੀਐਂ ਮਾਂ-ਬਾਪ ਨੂੰ ਆਵਦੇ ਬੱਚਿਆਂ ਤੇ, ਕਿੰਨਾ ਦੁੱਖ ਹੁੰਦੈ ਜਦੋਂ ਆਸਾਂ ਟੁੱਟਦੀਆਂ ਨੇ ਉਨ੍ਹਾਂ ਦੇ ਸਾਹਮਣੇ... ਜੇ ਉਹ ਆਪ ਜਿਉਂਦੇ ਹੁੰਦੇ ਤਾਂ ਸਮਝਦੇ ਤੇ ਸਮਝਾਉਂਦੇ ਇਨ੍ਹਾਂ ਸਾਰਿਆਂ ਨੂੰ... ਪਰ ਇਕ ਗੱਲੋਂ

ਚੰਗਾ ਐ ਉਹ ਇਹ ਦੁੱਖ ਦੇਖੇ ਬਿਨਾਂ ਹੀ ਚਲੇ ਗਏ ਉਨ੍ਹਾਂ ਤੋਂ ਇਹ ਸਹਿ ਨਹੀਂ ਹੋਣਾ ਸੀ। ਗੁੱਸੇ ਵਿਚ ਪਤਾ ਨਹੀਂ ਉਹ ਕੀ ਕਰ ਬੈਠਦੇ।

(ਰਣਜੀਤ ਚਾਹ ਦਾ ਪਿਆਲਾ ਮਾਂ ਨੂੰ ਫੜਾਉਂਦੀ ਹੈ... ਬਾਬਾ ਚਲਾ ਜਾਂਦਾ ਹੈ...)

ਮੈਨੂੰ ਨਹੀਂ ਚਾਹ ਦੀ ਲੋੜ...

**ਰਣਜੀਤ** : ਮੱਮੀਂ ! ਕਿਉਂ ਆਵਦਾ ਆਪ ਸਾੜਦੇ ਹੋ?

**ਮਾਂ** : ਸੜਾਂ ਨਾ ਤਾਂ ਹੋਰ ਕੀ ਕਰਾਂ। ਜਦੋਂ ਆਵਦੇ ਢਿੱਡੋਂ ਕੱਢੇ ਹੀ ਵੈਰੀ ਬਣ ਜਾਣ ਤਾਂ ਸੜਨ ਤੋਂ ਬਿਨਾ ਹੋਰ ਕੀਤਾ ਵੀ ਕੀ ਜਾ ਸਕਦੈ। ਮੇਰੀ ਤਾਂ ਤਕਦੀਰ ਹੀ ਸੜ ਗਈ ਸੀ ਉਸ ਦਿਨ ਜਿਸ ਦਿਨ ਉਹ ਛੱਡ ਗਏ ਮੈਨੂੰ ਕੱਲੀ ਨੂੰ। ਸਿਰਾਂ ਨੂੰ ਸਲਾਮਾਂ ਹੁੰਦੀਆਂ ਨੇ ਉਨ੍ਹਾਂ ਦੇ ਜਿਉਂਦਿਆਂ ਮੈਂ ਰਾਣੀ ਸਾਂ ਘਰ ਵਿਚ ਵੀ ਤੇ ਬਾਹਰ ਵੀ। ਹੁਣ ਘਰ ਵਿਚ ਹੀ ਮੇਰੀ ਕੋਈ ਪੁੱਛ ਨਹੀਂ ਤੇ ਬਾਹਰ ਤਾਂ ਕਿਸੇ ਨੂੰ ਮੇਰੀ ਕੀ ਲੋੜ ਹੋਣੀ ਹੈ।

**ਰਣਜੀਤ** : ਪਾਪਾ ਜੀ ਦੀ ਕਮੀ ਤਾਂ ਕਿਸੇ ਤੋਂ ਕਦੀ ਵੀ ਪੂਰੀ ਨਹੀਂ ਹੋਣੀ, ਪਰ ਪਰਮਾਤਮਾ ਦਾ ਸ਼ੁਕਰ ਹੈ ਕਿ ਅਸੀਂ ਤਿੰਨੇ ਚੰਗੇ ਪੜ੍ਹ ਗਏ ਹਾਂ। ਅਸੀਂ ਆਵਦੀ ਜ਼ਿੰਦਗੀ ਹੁਣ ਆਪ ਬਣਾਉਣ ਦੇ ਕਾਬਿਲ ਹਾਂ। ਪਾਪਾ ਜੀ ਹੁੰਦੇ ਤਾਂ ਸਾਡੀਆਂ ਖ਼ੁਸ਼ੀਆਂ ਬਹੁਤ ਵੱਡੀਆਂ ਹੁੰਦੀਆਂ ਪਰ ਹੁਣ ਜੋ ਨਹੀਂ ਹੋ ਸਕਦਾ ਉਸ ਦੀ ਚਿੰਤਾ ਵਿਅੱਰਥ ਹੈ। ਕਈ ਗੱਲਾਂ ਨੂੰ ਭੁੱਲ ਜਾਣਾ ਹੀ ਠੀਕ ਹੁੰਦੈ।

**ਮਾਂ** : ਹੁੰਦਾ ਹੋਵੇਗਾ ਠੀਕ ਤੁਹਾਡੇ ਲਈ ਪਰ ਮੈਂ ਨਹੀਂ ਭੁੱਲ ਸਕਦੀ। ਭੁੱਲ ਵੀ ਜਾਂਦੀ ਜੇ ਤੁਸੀਂ ਸਾਰੇ ਮੇਰੀ ਸਾਰ ਵਿਚ ਚਲਦੇ। ਮੈਂ ਤੁਹਾਡੇ ਮੋਹ ਵਿਚ ਉਨ੍ਹਾਂ ਨੂੰ ਵੀ

ਭੁੱਲ ਜਾਂਦੀ, ਪਰ ਹੁਣ ਹਰ ਪਲ ਮੈਨੂੰ ਉਨ੍ਹਾਂ ਦੀ ਯਾਦ ਆਉਂਦੀ ਐ।

ਰਣਜੀਤ : ਯਾਦ ਕਿਸ ਨੂੰ ਨਹੀਂ ਆਉਂਦੀ ਮੱਮੀਂ, ਪਰ ਤੁਸੀਂ ਆਪ ਹੀ ਆਵਦੀ ਅੱਗ ਵਿਚ ਸੜੀ ਜਾਂਦੇ ਹੋ, ਅਸੀਂ ਫੇਰ ਕਿਵੇਂ ਬਚ ਸਕਦੇ ਹਾਂ।

ਮਾਂ : ਜੇ ਪਤਾ ਹੁੰਦਾ ਤੁਸੀਂ ਇਹੋ ਜਹਿ ਨਿਕਲੋਗੇ ਤਾਂ ਮੈਂ...

ਰਣਜੀਤ : ਜੋ ਕੁੱਝ ਵੀ ਹਾਂ ਮੱਮੀਂ ਤੁਹਾਡੇ ਹੀ ਬੱਚੇ ਹਾਂ, ਸਿਰਫ਼ ਤੁਹਾਡੇ। ਸਾਨੂੰ ਸਮਝਣ ਦੀ ਕੋਸ਼ਿਸ਼ ਕਰੋ, ਸਾਨੂੰ ਪਿਆਰ ਕਰੋ, ਪਿਆਰ ਨਾਲ ਸਭ ਮੁਸ਼ਕਲਾਂ ਤੇ ਗੁੰਝਲਾਂ ਸੁਲਝਾਈਆਂ ਜਾ ਸਕਦੀਆਂ ਹਨ।

ਮਾਂ : ਮੈਂ ਤੁਹਾਨੂੰ ਪਿਆਰ ਨਹੀਂ ਕਰਦੀ?

ਰਣਜੀਤ : ਫੇਰ ਦੁਖੀ ਕਿਉਂ ਹੁੰਦੇ ਹੋ? ਪਿਆਰ ਕਰਨ ਵਾਲੇ ਕਦੀ ਦੁਖੀ ਨਹੀਂ ਹੁੰਦੇ, ਕਦੀ ਉਦਾਸ ਨਹੀਂ ਹੁੰਦੇ। ਉਹ ਤਾਂ ਸਦਾ ਖਿੜੇ ਰਹਿੰਦੇ ਨੇ। ਪਿਆਰ ਨਾਲ ਤਾਂ ਰੂਹ ਹੌਲਾ ਹੋ ਕੇ ਫੁੱਲ ਹੋ ਜਾਂਦੀ ਹੈ, ਕੋਮਲ ਤੇ ਕੂਲੀ। ਝਗੜਾ ਤਾਂ ਕੇਵਲ ਇਹੋ ਹੈ ਨਾ ਕਿ ਮੈਂ ਆਵਦੀ ਸ਼ਾਦੀ ਮਨ ਮਰਜੀ ਦੀ ਕਰਨਾ ਚਾਹੁੰਦੀ ਹਾਂ ਤੇ ਵੀਰ ਜੀ... ਭਲਾ ਉਨ੍ਹਾਂ ਦਾ ਕੀ ਕਸੂਰ ਹੈ?

ਮਾਂ : ਕਸੂਰ ਤਾਂ ਸਾਰੇ ਮੇਰੇ ਨੇ ਥੋਡਾ ਕਿਸੇ ਦਾ ਵੀ ਕੋਈ ਕਸੂਰ ਨਹੀਂ।

ਰਣਜੀਤ : ਤੁਸੀਂ ਗੱਲ ਤਾਂ ਸੁਣਦੇ ਨਹੀਂ।

ਮਾਂ : ਸੁਣੀਆਂ ਵਥੇਰੀਆਂ, ਹੁਣ ਹੋਰ ਸੁਣਨ ਦੀ ਹਿੰਮਤ ਨਹੀਂ ਤੇ ਨਾ ਲੋੜ ਹੈ। ਮੈਂ ਤਾਂ ਥੋਡੇ ਹੀ ਫ਼ਾਇਦੇ ਦੀ ਸੋਚਦੀ ਸਾਂ।

(ਕਿਰਨ ਆ ਜਾਂਦੀ ਹੈ...)

ਕਿਰਨ : ਮੱਮੀਂ ਜੇ ਸਚਮੁੱਚ ਤੁਸੀਂ ਸਾਡੇ ਫ਼ਾਇਦੇ ਦੀ ਸੋਚਦੇ ਹੋ ਤਾਂ ਸਾਡੀ ਕੋਈ ਗੱਲ ਤਾਂ ਮੰਨ ਲਵੋ। ਚਲੋ ਮੇਰੀ ਨਾ ਮੰਨੋ, ਮੈਂ ਆਵਦੀ ਜਿੱਦ ਛੱਡ ਦਿਆਂਗੀ ਪਰ ਦੀਦੀ ਦੀ ਮੰਨ ਲਵੋ। ਤੁਸੀਂ ਦੇਖ ਹੀ ਰਹੇ ਹੋ, ਦੀਦੀ ਦੀ ਸਿਹਤ ਕਿੰਨੀ ਖਰਾਬ ਹੋ ਗਈ ਹੈ। ਮੈਂ ਰੌਲਾ-ਰੱਪਾ ਪਾ ਕੇ ਆਵਦੇ ਮਨ ਦਾ ਗੁਬਾਰ ਕੱਢ ਲੈਂਦੀ ਹਾਂ ਪਰ ਦੀਦੀ ਵਿਚੇ-ਵਿਚ ਘੁਲਦੇ ਜਾ ਰਹੇ ਨੇ। ਅਸੀਂ ਬਾਗੀ ਵੀ ਹੋ ਸਕਦੀਆਂ ਹਾਂ ਪਰ...

ਮਾਂ : ਪਰ ਕੀ? ਜੋ ਤੂੰ ਕਹਿਣਾ ਚਾਹੁੰਦੀ ਐਂ ਮੈਨੂੰ ਪਤਾ ਹੈ। ਤੁਸੀਂ ਹੁਣ ਆਪਣਾ ਹਰ ਸ਼ੌਕ ਪੂਰਾ ਕਰ ਲਵੋ, ਸਾੜ ਲਵੋ ਮੈਨੂੰ, ਲਾ ਲਵੋ ਲਾਂਬੂ।

ਰਣਜੀਤ : ਕਿਰਨ... ਤੂੰ ਚਲ ਅੰਦਰ।

ਮਾਂ : ਮੈਂ ਹੀ ਚਲੀ ਜਾਂਦੀ ਹਾਂ। (ਅੰਦਰ ਚਲੀ ਜਾਂਦੀ ਹੈ...)

ਕਿਰਨ : ਦੀਦੀ ਮੈਂ ਤੁਹਾਨੂੰ ਵਿਸ਼ਵਾਸ ਦੁਆਂਦੀ ਹਾਂ ਮੈਂ ਕੰਵਲ ਨੂੰ ਕਦੀ ਨਹੀਂ ਮਿਲਾਂਗੀ, ਕਦੀ ਯਾਦ ਵੀ ਨਹੀਂ ਕਰਾਂਗੀ।

ਰਣਜੀਤ : ਮੈਨੂੰ ਕੰਵਲ ਉਤਨਾ ਹੀ ਪਿਆਰਾ ਹੈ ਜਿਤਨਾ ਅਜੀਤ। ਪਾਪਾ ਜੀ ਕਹਿੰਦੇ ਹੁੰਦੇ ਸੀ ਉਹ ਸੂਰਮਾ ਕਦੇ ਨਹੀਂ ਮਰਦਾ ਜੋ ਗੋਲੀਆਂ ਆਵਦੀ ਛਾਤੀ ਵਿਚ ਖਾਂਦੈ ਤੇ ਕਾਇਰ ਦਾ ਜੀਵਨ ਵੀ ਕੋਈ ਜੀਵਨ ਹੁੰਦੈ। ਮੈਂ ਰਣਜੀਤ ਹਾਂ ਤੇ ਮੇਰਾ ਸਾਥ ਅਜੀਤ, ਉਮਰ ਬਹੁਤ ਲੰਮੀ ਹੈ ਦੌੜਾਂਗੇ ਨਹੀਂ, ਜੇ ਮਰਨਾ ਵੀ ਪਿਆ ਤਾਂ ਮਰਾਂਗੇ ਪਰ ਮਰਾਂਗੇ ਜੂਝ ਕੇ।

ਕਿਰਨ : ਪਰ ਦੀਦੀ ਅਜੀਤ ਜੀ ਤੇ ਉਨ੍ਹਾਂ ਦੇ ਮਾਤਾ-ਪਿਤਾ ਕਦੋਂ ਤੱਕ ਉਡੀਕ ਕਰਨਗੇ? ਹਰ ਗੱਲ ਦੀ ਕੋਈ ਹੱਦ ਹੁੰਦੀ ਐ।

ਰਣਜੀਤ : ਅਜੀਤ ਨੂੰ ਮੈਂ ਜਾਣਦੀ ਹਾਂ ਉਸ ਦੇ ਮੱਮੀਂ ਨੂੰ ਵੀ 'ਤੇ ਉਡੀਕ ਲੰਮੀ ਹੋ ਸਕਦੀ ਹੈ... ਉਮਰ ਜਿੰਨੀ ਲੰਮੀ... ਤੇ ਮੇਰੀ ਉਮਰ ਵੀ ਛੋਟੀ ਨਹੀਂ।

ਕਿਰਨ : ਇਹ ਕੋਈ ਸਿਆਣਪ ਨਹੀਂ, ਸਾਰੀ ਉਮਰ ਹੌਕਿਆਂ ਤੇ ਹੰਝੂਆਂ ਵਿਚ ਹੀ ਗੁਆ ਦਿਓ। ਮਨੁੱਖਾ ਜਨਮ ਇਉਂ ਗੁਆ ਦੇਣ ਲਈ ਨਹੀਂ ਹੁੰਦਾ। ਜ਼ਿੰਦਗੀ ਨੇ ਸਾਨੂੰ ਬਹੁਤ ਕੁੱਝ ਦਿੱਤਾ ਹੈ, ਸਾਡਾ ਵੀ ਫਰਜ਼ ਹੈ ਅਸੀਂ ਵੀ ਕੁੱਝ ਕਰੀਏ। ਸੜੀਆਂ ਬੁਸੀਆਂ ਕੀਮਤਾਂ ਨੂੰ ਸੰਭਾਲੀ ਰੱਖਣ ਦੀ ਲੋੜ ਵੀ ਕੀ ਹੈ?

ਰਣਜੀਤ : ਕਿਸੇ ਬਣੀ ਹੋਈ ਚੀਜ਼ ਨੂੰ ਤੋੜਨਾ ਸੌਖਾ ਹੈ ਪਰ ਵਿਗੜੀ ਹੋਈ ਨੂੰ ਮੁੜ ਸੁਆਰਨਾ ਬੜਾ ਮੁਸ਼ਕਲ। ਤੂੰ ਸੌਖੇ ਰਾਹਾਂ ਤੇ ਤੁਰਨਾ ਚਾਹੁੰਦੀ ਹੈਂ... ਸੁੱਖ ਤੇ ਸੌਖ ਵਿਚ ਦੁੱਖ ਤੇ ਔਖ ਵੀ ਹੁੰਦੀ ਹੈ।

ਕਿਰਨ : ਦੀਦੀ, ਮੈਨੂੰ ਤੇ ਤੇਰੀ ਫ਼ਲਾਸਫੀ ਦੀ ਕੋਈ ਸਮਝ ਨਹੀਂ ਆਉਂਦੀ। ਜ਼ੁਲਮ ਤੇ ਸਿਤਮ ਸਹਿਣਾ ਵੀ ਕਮਜ਼ੋਰੀ ਤੇ ਕਾਇਰਤਾ ਹੈ।

ਰਣਜੀਤ : ਤੂੰ ਮੈਨੂੰ ਐਵੇਂ ਹੋਰ ਪਰੇਸ਼ਾਨ ਨਾ ਕਰ।

(ਕਿਰਨ ਅੰਦਰ ਜਾਂਦੀ ਹੈ ਤੇ ਬਾਬਾ ਆਉਂਦਾ ਹੈ...)

ਬਾਬਾ : ਰਣਜੀਤ ਬੇਟੀ ਤੁਮ ਸਭ ਬੱਚੋਂ ਕੋ ਮੈਨੇ ਆਪਣੇ ਹਾਥੋਂ ਮੇਂ ਬੜਾ ਕੀਆ ਹੈ। ਮੈਂ ਜਬ ਸੇ ਹੀਆਂ ਆਵਤ ਰਹਾ, ਹੰਸੀ ਖੁਸੀ ਕੇ ਸਿਵਾ ਕੁਛ ਨਾ ਦੇਖਾ ਥਾ। ਸਾਹਿਬ

ਜੀਵਤ ਰਹੇ ਤੋ ਇਧਰ ਖੁਸੀ ਉਧਰ ਖੁਸੀ.. ਅੰਦਰ ਖੁਸੀ ਬਾਹਰ ਖੁਸੀ। ਅਬ, ਅਬ... ਆਪ ਸਭੀ ਦੇਖਤ ਹੋ, ਤੁਮ ਪੜ੍ਹੇ ਲਿਖੇ ਹੋ ਬੇਟੇ, ਤੁਮ ਸਭੀ ਬੜੇ ਹੋ...

(ਦਰਵਾਜ਼ਾ ਖੜਕਦਾ ਹੈ, ਬਾਬਾ ਖੋਲ੍ਹਦਾ ਹੈ... **ਜਸਵੰਤ ਕੌਰ**, ਅੰਦਰ ਆਉਂਦੀ ਹੈ... ਰਣਜੀਤ ਸਤਿ ਸ੍ਰੀ ਅਕਾਲ ਬੁਲਾ ਕੇ ਬੈਠਣ ਲਈ ਕਹਿੰਦੀ ਹੈ, ਬਾਬਾ ਅੰਦਰ ਜਾਂਦਾ ਹੈ...)

**ਜਸਵੰਤ** : ਕਿਉਂ ਬੇਟਾ, ਕੈਸੀ ਹੈ ਤਬੀਅਤ ਹੁਣ?

**ਰਣਜੀਤ** : ਠੀਕ ਹੈ ਮਾਂ ਜੀ, ਤੁਸੀਂ ਦਸੋ।

**ਜਸਵੰਤ** : ਬੱਚੇ ਰਿਸ਼ਟ ਪੁਸ਼ਟ ਹੋਣ ਤਾਂ ਮਾਂਵਾਂ ਕਦੀ ਢਿੱਲੀਆਂ ਨਹੀਂ ਹੁੰਦੀਆਂ।

**ਰਣਜੀਤ** : ਤੁਹਾਡੀਆਂ ਛਾਂਵਾਂ ਵਿਚ ਸਾਨੂੰ ਸਦਾ ਸੁਖ ਹੀ ਸੁਖ ਹੈ ਮਾਂ ਜੀ।

**ਜਸਵੰਤ** : ਭੈਣ ਜੀ ਹੈਨ ਘਰ?

**ਰਣਜੀਤ** : ਹਾਂ ਤੁਸੀਂ ਬੈਠੋ ਮੈਂ ਬੁਲਾਉਂਦੀ ਹਾਂ।

(ਰਣਜੀਤ ਅੰਦਰ ਜਾਂਦੀ ਹੈ, ਮਾਂ ਬਾਹਰ ਆਉਂਦੀ ਹੈ ਜਸਵੰਤ ਨੂੰ ਸਤਿ ਸ੍ਰੀ ਅਕਾਲ ਬੁਲਾ ਕੇ ਬੈਠਦੀ ਹੈ...)

**ਜਸਵੰਤ** : ਬੀਬਾ ਦੀ ਸਿਹਤ ਅੱਗੇ ਨਾਲੋਂ ਚੰਗੀ ਲਗਦੀ ਹੈ। ਵਾਹਿਗੁਰੂ ਦੀ ਮਿਹਰ ਹੋਵੇ।

**ਮਾਂ** : ਜੀ ਹਾਂ ਠੀਕ ਹੀ ਹੈ।

**ਜਸਵੰਤ** : ਤੇ ਮੈਂ ਤਾਂ ਆਵਦੀ ਬੇਨਤੀ ਬਾਰੇ ਹੀ ਆਈ ਸਾਂ ਭੈਣ ਜੀ, ਕਾਕਾ ਵੀ ਕੱਲ੍ਹ ਦਾ ਆਇਆ ਹੋਇਐ। ਤੁਸੀਂ ਹੁਣ ਤਕ ਮਨ ਬਣਾ ਹੀ ਲਿਆ ਹੋਵੇਗਾ।

ਮਾਂ : ਮੈਂ ਤਾਂ ਤੁਹਾਨੂੰ ਉਸ ਦਿਨ ਹੀ ਦਸ ਦਿੱਤਾ ਸੀ, ਭੈਣ ਜੀ ਮੇਰਾ ਮਨ ਨਹੀਂ ਮੰਨਦਾ।

ਜਸਵੰਤ : ਮੈਂ ਤਾਂ ਮਿੰਨਤ ਹੀ ਕਰ ਸਕਦੀ ਹਾਂ ਕੋਈ ਜ਼ਬਰਦਸਤੀ ਤਾਂ ਨਹੀਂ ਪਰ ਮੈਨੂੰ ਸਮਝ ਨਹੀਂ ਆਉਂਦੀ ਤੁਹਾਨੂੰ ਝਿਜਕ ਕੀ ਹੈ, ਤੁਹਾਡੇ ਮਨ ਵਿਚ ਕੋਈ ਸ਼ੱਕ ਹੈ ਤਾਂ ਦੂਰ ਕਰ ਲਵੋ।

ਮਾਂ : ਨਹੀਂ ਕੋਈ ਸ਼ੱਕ ਨਹੀਂ ਬਸ ਮੇਰਾ ਮਨ...

ਜਸਵੰਤ : ਮਨ ਵਿਚ ਜੋ ਗੱਲ ਹੈ ਉਸ ਨੂੰ ਬਾਹਰ ਕੱਢੋ। ਹਰ ਗੱਲ ਦਾ ਕੋਈ ਨਾ ਕੋਈ ਇਲਾਜ ਹੁੰਦੈ। ਤੁਸੀਂ ਗੱਲ ਤਾਂ ਕਰੋ।

ਮਾਂ : ਮੇਰੇ ਪਿਤਾ ਜੀ ਕਰਨਲ ਸਨ, ਲੋਕ ਕਸ਼ਮੀਰ ਨੂੰ ਸੁਅਰਗ ਆਖਦੇ ਨੇ, ਉਹ ਸ਼ਾਇਦ ਇਸ ਲਈ ਹੀ ਕਸ਼ਮੀਰ ਗਏ ਕਦੀ ਨਾ ਮੁੜੇ ਤੇ ਮੇਰਾ ਛੋਟਾ ਵੀਰ ਜੋ ਕੈਪਟਨ ਸੀ ਹਿਮਾਲੀਏ ਦੀਆਂ ਬਰਫਾਂ 'ਚ ਬਰਫ਼ ਬਣ ਗਿਆ। ਤੇ ਰਹਿੰਦੀ ਕਸਰ ਤੁਹਾਨੂੰ ਪਤਾ ਹੀ ਹੈ ਸਰਦਾਰ ਜੀ ਨੇ ਪੂਰੀ ਕਰ ਦਿੱਤੀ। ਮੇਰੇ ਚਾਰ ਚੁਫੇਰੇ ਪਿਤਾ, ਭਰਾ ਤੇ ਪਤੀ ਦੀਆਂ ਚਿਤਾਵਾਂ ਦੇ ਲਾਂਬੂ ਲਟ-ਲਟ ਬਲਦੇ ਪਏ ਨੇ। ਕਿਸੇ ਹੋਰ ਆਰਮੀ ਅਫਸਰ ਨਾਲ ਰਿਸ਼ਤਾ ਜੋੜਨ ਦੀ ਹਿੰਮਤ ਮੇਰੇ ਵਿਚ ਨਹੀਂ ਰਹੀ।

ਜਸਵੰਤ : ਕਿੰਨਾ ਗਲਤ ਸੋਚਦੇ ਹੋ ਤੁਸੀਂ। ਦੇਸ਼ ਦੇ ਰਾਖਿਆਂ ਨਾਲ ਤੁਹਾਡਾ ਇਤਨਾ ਗੂੜ੍ਹਾ ਸਬੰਧ ਤੇ ਤੁਸੀਂ ਇੰਝ ਢਹਿੰਦੀ ਕਲਾ ਵਿਚ। ਕੌਮ ਨੂੰ ਤੁਹਾਡੇ ਵਰਗੀਆਂ ਮਹਾਨ ਇਸਤਰੀਆਂ ਤੇ ਸਦਾ ਮਾਨ ਰਹੇਗਾ।

ਮਾਂ : ਮੈਨੂੰ ਨਹੀਂ ਚਾਹੀਦਾ ਇਹ ਮਾਨ।

ਜਸਵੰਤ : ਮਰ ਤਾਂ ਹਰੇਕ ਨੇ ਜਾਣੈ ਪਰ ਕੌਮ ਦੀ ਰਾਖੀ ਲਈ ਕੁਰਬਾਨ ਹੋਣ ਵਾਲੇ ਕਦੀ ਨਹੀਂ ਮਰਦੇ ਉਹ ਤਾਂ ਸ਼ਹੀਦ ਹੁੰਦੇ ਹਨ, ਤੇ ਸ਼ਹੀਦ ਸਦਾ ਜਿਉਂਦੇ ਹਨ।

ਮਾਂ : ਜਿਉਂਦੇ ਹੋਣਗੇ.. ਪਰ ਪਿਛਲੇ ਤਾਂ ਜਿਉਂਦੇ ਹੀ ਮਰ ਜਾਂਦੇ ਨੇ।

ਜਸਵੰਤ : ਤੁਸੀਂ ਆਵਦਾ ਇਤਿਹਾਸ ਤਾਂ ਵੇਖੋ... ਮਾਤਾ ਨਾਨਕੀ, ਮਾਂ ਗੁਜਰੀ, ਮਾਈ ਭਾਗੋ ਇਸਤਰੀਆਂ ਨਹੀਂ ਸਨ ਸਭ? ਤੁਸੀਂ ਉਨ੍ਹਾਂ ਦੀ ਹੀ ਸੰਤਾਨ ਹੋ, ਹਿੰਮਤ ਨਹੀਂ ਹਾਰੀ ਦੀ। ਜਿਉਂਦਾ ਰਹੇ ਤੁਹਾਡਾ ਲਾਲ, ਜਿਉਣ ਤੁਹਾਡੀਆਂ ਲਾਡਲੀਆਂ ਬੇਟੀਆਂ। ਮੇਰੀ ਮੰਨੋ ਤੇ ਮੈਨੂੰ ਵੀ ਆਵਦੇ ਨਾਲ ਹਿੱਸੇਦਾਰ ਬਣਾ ਲਵੋ।

ਮਾਂ : ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ ਇਕ ਅਟੱਲ ਸੱਚਾਈ ਹੈ... ਮੈਂ ਇਸ ਸੱਚ ਨੂੰ ਹੋਰ ਨਹੀਂ ਪਰਖ ਸਕਦੀ। ਮੈਨੂੰ ਕੁਝ ਨਾ ਆਖੋ ਭੈਣ ਜੀ ਮੈਂ ਇਹ ਨਹੀਂ ਕਰ ਸਕਦੀ, ਨਹੀਂ ਕਰ ਸਕਦੀ।

ਜਸਵੰਤ : ਇਸ ਵੇਲੇ ਤੁਹਾਡਾ ਮਨ ਟਿਕਾਣੇ ਨਹੀਂ ਹੈ। ਅੱਜ ਦੀਵਾਲੀ ਦਾ ਦਿਨ ਹੈ ਵਰ੍ਹੇ ਦਿਨ ਦਾ ਦਿਨ। ਤੁਸੀਂ ਦੁਖੀ ਨਾ ਹੋਵੋ, ਮੈਂ ਫ਼ਿਰ ਕਿਸੇ ਵੇਲੇ ਤੁਹਾਡੇ ਨਾਲ ਗੱਲਾਂ ਕਰਾਂਗੀ।

(ਉਠ ਕੇ ਜਾਣ ਲੱਗਦੀ ਹੈ...)

ਮਾਂ : (ਉਠ ਕੇ ਨਾਲ ਤੁਰਦੀ ਹੋਈ...) ਮੈਨੂੰ ਮੁਆਫ਼ ਕਰ ਦੇਣਾ ਭੈਣ ਜੀ।

ਜਸਵੰਤ : ਮੈਂ ਸਗੋਂ ਤੁਹਾਡੇ ਕੋਲੋਂ ਮੁਆਫ਼ੀ ਮੰਗਦੀ ਹਾਂ.. ਮੈਂ ਤੁਹਾਡੇ ਮਨ ਨੂੰ ਠੇਸ ਪੁਚਾਈ ਹੈ, ਤੁਸੀਂ ਬੈਠੋ ਹੁਣ। (ਚਲੀ ਜਾਂਦੀ ਹੈ...)

| | |
|---|---|
| ਮਾਂ | : (ਆਪਣੇ ਆਪ ਨਾਲ...) ਮੈਂ ਕੀ ਤੋਂ ਕੀ ਹੋ ਗਈ ਹਾਂ, ਮੈਨੂੰ ਕੀ ਹੋ ਗਿਆ ਹੈ? ਇਸ ਤਰ੍ਹਾਂ ਤੇ ਮੈਂ... |
| | (ਰਣਜੀਤ ਆ ਜਾਂਦੀ ਹੈ...) |
| ਰਣਜੀਤ | : ਮੱਮੀ ਕਿਉਂ ਦੁਖੀ ਹੁੰਦੇ ਹੋ? ਮੈਂ ਤੁਹਾਨੂੰ ਇਸ ਤਰ੍ਹਾਂ ਦੁਖੀ ਨਹੀਂ ਹੋਣ ਦਿਆਂਗੀ। ਜੇ ਤੁਹਾਨੂੰ ਮੇਰਾ ਇਹ ਰਿਸ਼ਤਾ ਮਨਜ਼ੂਰ ਨਹੀਂ ਤਾਂ ਨਾ ਹੀ ਸਹੀ। ਮੈਂ ਇਹ ਸ਼ਾਦੀ ਨਹੀਂ ਕਰਾਂਗੀ। ਮੈਂ ਆਪ ਅਜੀਤ ਨੂੰ ਇਨਕਾਰ ਕਰ ਦੇਵਾਂਗੀ। |
| ਮਾਂ | : ਸੱਚ ਆਖਦੀ ਹੈਂ? |
| ਰਣਜੀਤ | : ਹਾਂ ਬਿਲਕੁਲ ਸੱਚ... ਪਰ ਤੁਸੀਂ ਮੈਨੂੰ ਹੋਰ ਕਿਤੇ ਸ਼ਾਦੀ ਲਈ ਨਹੀਂ ਆਖਣਾ ਹੋਵੇਗਾ। |
| ਮਾਂ | : ਇਹ ਕਿਵੇਂ ਹੋ ਸਕਦੈ, ਮੈਂ ਤੈਨੂੰ ਘਰ ਕਿਵੇਂ ਬਿਠਾਈ ਰੱਖਾਂ ਗੀ... ਕਦੀ ਧੀਆਂ ਵੀ ਕੁਆਰੀਆਂ ਰੱਖੀਆਂ ਕਿਸੇ ਨੇ? |
| | (ਕਿਰਨ ਆ ਜਾਂਦੀ ਹੈ...) |
| ਕਿਰਨ | : ਪਰ ਅਸੀਂ ਕੰਵਾਰੀਆਂ ਰਹਿ ਸਕਦੀਆਂ ਹਾਂ। ਅਸੀਂ ਕਦੀ ਕੋਈ ਸ਼ਕਾਇਤ ਦਾ ਮੌਕਾ ਨਹੀਂ ਦੇਵਾਂਗੀਆਂ। |
| ਮਾਂ | : ਮੈਂ ਮਾਂ ਹਾਂ ਤੁਹਾਡੀ ਮਾਂ, ਦੁਸ਼ਮਨ ਨਹੀਂ ਹਾਂ ਜੋ ਤੁਸੀਂ ਮੈਨੂੰ ਇੰਝ ਤਾਉਂਦੀਆਂ ਹੋ। ਜਿਵੇਂ ਤੁਸੀਂ ਮੇਰੀਆਂ ਹੱਡੀਆਂ ਭੁੰਨਦੀਆਂ ਹੋ ਯਾਦ ਰੱਖੋ ਸਾਰੀ ਉਮਰ ਸੜੋ ਗੀਆਂ। |
| ਰਣਜੀਤ | : ਕਿਸੇ ਤਰ੍ਹਾਂ ਜੀਣ ਵੀ ਦਿਉ ਸਾਨੂੰ, ਜੇ ਸੜਨਾ ਹੀ |

ਕਿਸਮਤ ਵਿਚ ਲਿਖਿਐ ਸਾਡੇ ਤਾਂ ਸੜ ਕੇ ਵੀ ਜੀ ਲਵਾਂਗੀਆਂ।

(ਦਰਵਾਜ਼ਾ ਖੜਕਦਾ ਹੈ...

**ਕੰਵਲ** ਅੰਦਰ ਆਉਂਦਾ ਹੈ... ਉਸ ਦੀ ਤੋਰ ਤੋਂ ਪਤਾ ਲੱਗਦਾ ਹੈ ਕਿ ਉਹ ਨੇਤਰਹੀਨ ਹੈ। ਮਾਂ ਤੇ ਰਣਜੀਤ ਅੰਦਰ ਚਲੀਆਂ ਜਾਂਦੀਆਂ ਹਨ...)

ਕਿਰਨ : ਕੰਵਲ ਜੀ ਤੁਸੀਂ? ਤੁਹਾਨੂੰ ਨਹੀਂ ਆਉਣਾ ਚਾਹੀਦਾ ਸੀ।

ਕੰਵਲ : ਕਿਉਂ ਨਹੀਂ ਆਉਣਾ ਚਾਹੀਦਾ ਸੀ ਮੈਨੂੰ? ਜੇ ਤੁਸੀਂ ਕਹਿੰਦੇ ਹੋ ਤਾਂ ਮੈਂ ਹੁਣ ਚਲਾ ਜਾਂਦਾ ਹਾਂ।

ਕਿਰਨ : ਮੱਮੀਂ ਪਹਿਲਾਂ ਹੀ ਬੜੇ ਦੁੱਖੀ ਨੇ, ਤੇ ਹੁਣ ਤੁਹਾਨੂੰ ਦੇਖ ਕੇ...

ਕੰਵਲ : ਹੋਰ ਦੁਖੀ ਹੋਣਗੇ ਇਹੋ ਕਹਿਣਾ ਚਾਹੁੰਦੇ ਹੋ ਨਾ?

ਕਿਰਨ : ਉਸ ਦਿਨ ਕਿੰਨੀ ਬੇਇਜ਼ਤੀ ਕੀਤੀ ਸੀ ਉਨ੍ਹਾਂ ਨੇ ਤੁਹਾਡੀ। ਮੈਂ ਕਿੰਨਾ ਰੋਂਦੀ ਰਹੀ। ਜਦੋਂ ਤੱਕ ਤੁਹਾਡੀ ਚਿੱਠੀ ਨਹੀਂ ਆਈ, ਮੈਂ ਬੜੀ ਬੇਚੈਨ ਰਹੀ। ਤੇ... ਤੁਸੀਂ ਕਦ ਆਏ ਹੋ...

ਕੰਵਲ : ਬਾਕੀ ਫਿਰ ਦੱਸਾਂਗਾ, ਪਹਿਲਾਂ ਮੈਨੂੰ ਮੱਮੀਂ ਨਾਲ ਮਿਲਾਓ।

ਕਿਰਨ : ਮਿਲਣ ਦਾ ਕੋਈ ਫਾਇਦਾ ਨਹੀਂ ਹੋਣਾ। ਹੁਣੇ ਕੈਪਟਨ ਅਜੀਤ ਦੇ ਮੱਮੀਂ ਆਏ ਸਨ। ਉਨ੍ਹਾਂ ਨੇ ਸਮਝਾਉਣ ਦੀ ਬੜੀ ਕੋਸ਼ਿਸ਼ ਕੀਤੀ ਸਗੋਂ ਗੱਲ ਹੋਰ ਵਿਗੜ ਗਈ। ਵਿਚਾਰੇ ਨਰਾਸ਼ ਹੋ ਕੇ ਵਾਪਸ ਚਲੇ ਗਏ।

ਕੰਵਲ : ਮੈਂ ਨਿਰਾਸ਼ ਨਹੀਂ ਹੋਵਾਂਗਾ।

ਕਿਰਨ : ਫ਼ਿਰ ਕਿਉਂ ਆਵਦੀ ਹੱਤਕ ਕਰਾਉਂਦੇ ਹੋ? ਮੇਰੇ ਕੋਲੋਂ ਨਹੀਂ ਦੇਖਿਆ ਜਾਂਦਾ।

ਕੰਵਲ : ਜ਼ਿੱਦ ਨਾ ਕਰੋ ਮੈਂ ਮੱਮੀਂ ਨੂੰ ਮਿਲੇ ਬਗੈਰ ਵਾਪਸ ਨਹੀਂ ਜਾਵਾਂਗਾ...

(ਬੈਠ ਜਾਂਦਾ ਹੈ...)

ਕਿਰਨ : ਠੀਕ ਹੈ ਜੇ ਤੁਹਾਡੀ ਮਰਜ਼ੀ ਇਹੋ ਹੈ ਤਾਂ ਮੈਂ ਰਾਮੂ ਬਾਬੇ ਨੂੰ ਆਖ ਵੇਖਦੀ ਹਾਂ। ਸ਼ਾਇਦ ਮੱਮੀਂ ਉਸ ਦਾ ਕਹਿਣਾ ਮੰਨ ਲੈਣ।

ਕੰਵਲ : ਹਾਂ ਠੀਕ ਹੈ ਪਰ ਤੁਸੀਂ ਬਾਬਾ ਜੀ ਨੂੰ ਮੇਰੇ ਵਲੋਂ ਇਹ ਵਿਸ਼ਵਾਸ ਦੁਆਣਾ ਕਿ ਮੱਮੀਂ ਮੈਨੂੰ ਕੁਝ ਵੀ ਆਖ ਲੈਣ ਮੈਂ ਬੁਰਾ ਨਹੀਂ ਮਨਾਵਾਂਗਾ ਤੇ ਕੋਈ ਅਜਿਹਾ ਸ਼ਬਦ ਆਪਣੇ ਮੂੰਹੋਂ ਨਹੀਂ ਕੱਢਾਂਗਾ ਜੋ ਮਾਂ ਜੀ ਦੇ ਸਤਿਕਾਰ ਵਿਚ ਨਾ ਹੋਵੇ। ਬਸ ਇਕ ਵੇਰ ਮਾਂ ਜੀ ਮੇਰੀ ਗੱਲ ਸੁਣ ਲੈਣ, ਮੈਂ ਫੇਰ ਕਦੀ ਨਹੀਂ ਆਵਾਂਗਾ, ਕਦੀ ਨਹੀਂ।

ਕਿਰਨ : ਕਦੀ ਨਹੀਂ ਆਓਗੇ ਤੇ ਮੈਂ, ਮੈਂ ਕੀ ਕਰਾਂਗੀ?

ਕੰਵਲ : ਹੁਣ ਤੁਸੀਂ ਜਾਓ ਤੇ ਬਾਬਾ ਜੀ ਨੂੰ ਕਹੋ, ਜਾਓ ਵੀ।

(ਕਿਰਨ ਜਾਂਦੀ ਹੈ... ਕੰਵਲ ਇਧਰ ਉਧਰ ਦੇਖਦਾ ਹੈ... ਮਾਂ ਆ ਜਾਂਦੀ ਹੈ... ਕੰਵਲ ਛੇਤੀ ਨਾਲ ਉਠ ਕੇ ਮਾਂ ਦੇ ਪੈਰੀਂ ਹੱਥ ਲਾਉਣ ਲਈ ਝੁਕਦਾ ਹੈ ਤਾਂ ਮਾਂ ਪਿੱਛੇ ਹੱਟ ਜਾਂਦੀ ਹੈ... ਕੰਵਲ ਕੁੱਝ ਨਹੀਂ ਬੋਲਦਾ, ਮਾਂ ਗੁੱਸੇ ਵਿਚ ਕੁੱਝ ਦੇਰ ਦੇਖਦੀ ਹੈ...)

ਇਹ ਪਵਿੱਤਰ ਪੈਰ ਮੈਨੂੰ ਛੂਹ ਲੈਣ ਦਿਓ ਮਾਂ ਜੀ!

ਮਾਂ : ਕੀ ਗਲ ਕਰਨੀ ਐ ਮੇਰੇ ਨਾਲ?

ਕੰਵਲ : ਬਹੁਤ ਗੱਲਾਂ ਕਰਨੀਆਂ ਹਨ ਮਾਂ ਜੀ।

ਮਾਂ : ਕੀ ਤੈਨੂੰ ਯਾਦ ਨਹੀਂ ਰਿਹਾ ਜੋ ਉਸ ਦਿਨ ਮੈਂ ਆਖਿਆ ਸੀ?

ਕੰਵਲ : ਯਾਦ ਹੈ ਮਾਂ ਜੀ, ਬਿਲਕੁਲ ਯਾਦ।

ਮਾਂ : ਜੇ ਯਾਦ ਹੈ ਤਾਂ ਅੰਨ੍ਹੇ ਹੋਣ ਦੇ ਨਾਲ-ਨਾਲ ਤੂੰ ਢੀਠ ਤੇ ਬੇਸ਼ਰਮ ਵੀ ਹੈਂ?

ਕਿਰਨ : (ਅੰਦਰ ਆਉਂਦੀ ਹੋਈ...) ਮੱਮੀਂ ਤੁਸੀਂ ਤਹਿਜ਼ੀਬ ਦੀ ਹੱਦ ਲੰਘਦੇ ਜਾ ਰਹੇ ਹੋ।

ਮਾਂ : ਮੈਂ ਤੈਨੂੰ ਤੇ ਤੇਰੀ ਤਹਿਜ਼ੀਬ ਨੂੰ ਚੰਗੀ ਤਰ੍ਹਾਂ ਜਾਣਦੀ ਹਾਂ, ਕਿਸੇ ਨੇ ਬੁਲਾਇਆ ਸੀ ਇਸ ਨੂੰ?

ਕਿਰਨ : ਹਾਂ, ਮੈਂ ਬੁਲਾਇਆ ਸੀ।

ਕੰਵਲ : ਨਹੀਂ ਮਾਂ ਜੀ ਮੈਂ ਇਨ੍ਹਾਂ ਦੇ ਬੁਲਾਉਣ ਤੇ ਨਹੀਂ ਆਇਆ, ਮੈਂ ਆਪਣੇ ਆਪ ਆਇਆ ਹਾਂ। ਆਪਣੀ ਮਾਂ ਕੋਲ ਬੱਚੇ ਬਿਨ ਬੁਲਾਏ ਨਹੀਂ ਆ ਸਕਦੇ?

ਮਾਂ : ਇਨ੍ਹਾਂ ਮੋਮੋਠਗਣੀਆਂ ਦਾ ਮੇਰੇ ਤੇ ਕੋਈ ਅਸਰ ਨਹੀਂ ਹੋ ਸਕਦਾ। ਮੈਂ ਤੈਨੂੰ ਉਸ ਦਿਨ ਹੀ ਕਹਿ ਦਿੱਤਾ ਸੀ ਪਰ ਮੈਨੂੰ ਲਗਦੈ ਧੱਕੇ ਖਾਧੇ ਬਗੈਰ ਤੂੰ ਇਥੋਂ ਨਹੀਂ ਜਾਵੇਂਗਾ।

ਕਿਰਨ : ਮੱਮੀਂ ਮੈਨੂੰ ਬੋਲਣ ਲਈ ਮਜਬੂਰ ਨਾ ਕਰੋ।

ਮਾਂ : ਤੂੰ ਹੋਰ ਕੀ ਬੋਲੇਂਗੀ ਜੋ ਤੂੰ ਬਕਣਾ ਸੀ ਬਕ ਲਿਆ, ਜਾਹ ਤੂੰ ਵੀ ਤੁਰ ਜਾ ਇਹਦੇ ਨਾਲ, ਖਾਹ ਧੱਕੇ ਤੇ ਆਵਦਾ ਕਾਲਾ ਮੂੰਹ ਫੇਰ ਕਦੀ ਮੈਨੂੰ ਨਾ ਵਖਾਈਂ।

ਕੰਵਲ : ਪਰ ਕਿਰਨ ਦਾ ਮੂੰਹ ਤਾਂ ਬਹੁਤ ਗੋਰਾ ਹੈ ਮਾਂ ਜੀ।

ਮਾਂ : ਸ਼ਰਮ ਨਹੀਂ ਆਉਂਦੀ ਬਕਵਾਸ ਕਰਦੇ ਨੂੰ। ਬਦਤਮੀਜ਼ ਆਵਦੀ ਸ਼ਕਲ ਨਹੀਂ ਦੇਖਦਾ।

ਕੰਵਲ : ਸ਼ਕਲ ਤਾਂ ਮੇਰੀ ਵੀ ਏਨੀ ਮਾੜੀ ਨਹੀਂ ਮਾਂ ਜੀ ਤੇ ਨਾਲੇ... ਹਾਂ ਕਿਰਨ ਦੇ ਸਾਹਮਣੇ ਜ਼ਰੂਰ ਮੇਰਾ ਰੰਗ ਫਿੱਕਾ ਪੈ ਜਾਂਦਾ ਹੈ। ਤੇ ਹਾਂ ਰੱਬ ਨੇ ਅੱਖਾਂ ਵੀ ਤਾਂ ਪੂਰੀਆਂ ਨਹੀਂ ਦਿੱਤੀਆਂ।

ਮਾਂ : ਪੂਰੀਆਂ ਨਾ ਹੋਣ ਤੇ ਵੀ ਤੂੰ ਮੇਰੀਆਂ ਅੱਖਾਂ ਵਿਚ ਕਿੰਨੀ ਦੇਰ ਧੂੜ ਪਾਈ ਰੱਖੀ, ਜੇ ਪੂਰੀਆਂ ਹੁੰਦੀਆਂ ਤਾਂ ਪਤਾ ਨਹੀਂ ਕੀ ਕਰਦਾ।

ਕਿਰਨ : ਤੁਸੀਂ ਕਿਉਂ ਆਵਦੀ ਤੇ ਮੇਰੀ ਬੇਇਜ਼ਤੀ ਕਰਵਾਈ ਜਾ ਰਹੇ ਹੋ, ਕੰਵਲ ਜੀ ! ਤੁਸੀਂ ਚਲੇ ਜਾਓ, ਪਲੀਜ਼।

ਕੰਵਲ : ਚਲਿਆ ਜਾਵਾਂਗਾ ਪਰ ਤੁਹਾਨੂੰ ਵੀ ਨਾਲ ਲੈ ਕੇ।

ਮਾਂ : ਜਾਓ, ਜਾਓ, ਤੇ ਫੇਰ ਕਦੀ ਮੇਰੇ ਮੱਥੇ ਨਾ ਲਗਿਓ।

ਕਿਰਨ : ਏਸ ਤਰ੍ਹਾਂ ਮੈਂ ਜਾਣਾ ਹੁੰਦਾ ਤਾਂ ਕਦੋਂ ਦੀ ਚਲੀ ਗਈ ਹੁੰਦੀ ਮੰਮੀਂ।

ਕੰਵਲ : ਵਾਕਈ ਤੇ ਕੋਈ ਦੁਲਹਨ ਇਨ੍ਹਾਂ ਸਾਦੇ ਸਫੈਦ ਕਪੜਿਆਂ ਵਿਚ ਨਹੀਂ ਘਰੋਂ ਤੁਰਦੀ।

ਮਾਂ : ਸਜਾ ਲਵੀਂ ਖੱਫਨ ਪਰ ਪਹਿਲਾਂ ਦੀਦੇ ਤਾਂ ਭੰਨ ਲੈ ਦੇਖਣ ਵਾਸਤੇ।

ਕੰਵਲ : ਭੰਨ ਲਏ ਨੇ ਮਾਂ ਜੀ ਬਸ (ਐਨਕ ਲਾਹ ਕੇ...) ਇਹ ਦੇਖੋ ਸੱਜੇ ਪਾਸੇ ਤੋਂ ਸਾਫ਼ ਦਿਸਦਾ ਹੈ ਕਿ ਸਾਹਮਣੇ

ਮੇਰੇ ਪੂਜਯ ਦੇਵੀ ਮਾਂ ਜੀ ਖੜੇ ਹਨ। ਇਧਰ ਗੁਰੂ ਨਾਨਕ ਦੇਵ ਮਹਾਰਾਜ ਦੀ ਸੋਹਣੀ ਤਸਵੀਰ ਤੇ ਅਹਿ ਕ੍ਰਿਸ਼ਨ ਜੀ ਦੀ... ਮਾਂ ਜੀ, ਬੋਲੋ ਮਾਂ ਜੀ।

ਮਾਂ : (ਹੈਰਾਨ ਹੋਈ ਖੜ੍ਹੀ ਹੈ...) ਹੈਂ! ਤੂੰ ਦੇਖ ਸਕਦਾ ਹੈਂ?

ਕੰਵਲ : ਮੈਂ ਨਹੀਂ ਮਾਂ ਜੀ ਤੁਹਾਡੇ ਦੇਵਤਿਆਂ ਵਰਗੇ ਲਾਡਲੇ ਡਾਕਟਰ ਦੀ ਇਹ ਅੱਖ ਦੇਖਦੀ ਹੈ।

ਮਾਂ : ਕੀ ਆਖਿਆ ਹਰੀਪਾਲ ਨੇ ਤੈਨੂੰ... ਤੈਨੂੰ ਤੇਰੀਆਂ ਅੱਖਾਂ ਨੂੰ ਠੀਕ ਕਰ ਦਿੱਤੈ?

ਕਿਰਨ : ਕੀ ਵੀਰ ਜੀ ਨੇ ਤੁਹਾਡਾ ਅਪਰੇਸ਼ਨ ਕੀਤਾ ਹੈ... ਤੁਸੀਂ ਬੰਬਈ ਏਸੇ ਲਈ ਗਏ ਸੀ?

ਕੰਵਲ : ਨਹੀਂ ਮੈਂ ਬੰਬਈ ਨਹੀਂ ਗਿਆ, ਮੈਂ ਪਾਲ ਜੀ ਦੇ ਕਲੀਨਿਕ ਵਿਚ ਕੈਦ ਰਿਹਾ ਹਾਂ। ਉਨ੍ਹਾਂ ਨੇ ਚੁਪ ਚੁਪੀਤੇ ਮੇਰੀਆਂ ਅੱਖਾਂ ਦੀ ਗਰਾਫਟਿੰਗ ਕਰ ਦਿੱਤੀ... ਪਰ ਧੰਨ ਹੈ ਉਹ ਆਦਮੀ, ਮੈਨੂੰ ਬਾਅਦ ਵਿਚ ਪਤਾ ਲੱਗਾ ਕਿ ਉਨ੍ਹਾਂ ਨੇ ਆਵਦੀ ਹੀ ਇਕ ਅੱਖ ਮੈਨੂੰ ਦੇ ਦਿੱਤੀ ਹੈ।

ਮਾਂ : ਆਵਦੀ ਅੱਖ? ਹਰੀਪਾਲ ਮੇਰਾ ਪੁੱਤਰ।

ਕਿਰਨ : ਵੀਰ ਜੀ... ਮਾਂ ਜੀ!

ਮਾਂ : ਉਸ ਨੇ ਅੱਖ ਤੈਨੂੰ ਦਿੱਤੀ ਹੈ ਤੇ ਦਿਸਣ ਮੈਨੂੰ ਲੱਗ ਪਿਐ। ਮੈਨੂੰ ਮੁਆਫ਼ ਕਰ ਦਿਓ ਬੇਟੇ।

(ਕੰਵਲ ਪੈਰਾਂ ਤੇ ਝੁੱਕ ਜਾਂਦਾ ਹੈ...
ਪਰ ਮਾਂ ਉਸ ਨੂੰ ਗਲਵਕੜੀ 'ਚ ਲੈ ਲੈਂਦੀ ਹੈ...
ਤੇ ਕਾਹਲੀ ਨਾਲ ਬੋਲਦੀ ਹੈ...)

ਰਣਜੀਤ! ਰਣਜੀਤ ਬਾਹਰ ਆਓ! ਅਜੀਤ ਨੂੰ ਵੀ

ਬੁਲਾਓ। ਮੈਨੂੰ ਸਭ ਮਨਜ਼ੂਰ, ਮੈਨੂੰ ਸਭ ਮਨਜ਼ੂਰ ਹੈ। ਕਿਰਨ! ਬਾਬੇ ਨੂੰ ਕਹਿ ਮਠਿਆਈ ਲਿਆਵੇ ਤੇ ਅਜੀਤ ਨੂੰ ਤੇ ਬਹੂ ਨੂੰ ਬੁਲਾ ਕੇ ਲਿਆਵੇ। ਜਾਹ ਛੇਤੀ ਜਾਹ... ਕਰ ਛੇਤੀ।

(ਕੰਵਲ ਨੂੰ ਸੋਫੇ ਤੇ ਬਠਾਉਂਦੀ ਹੈ...)

ਬੈਠ ਬੇਟੇ ਬੈਠ...

(ਕਿਰਨ ਹੈਰਾਨ ਹੋਈ ਦੇਖਦੀ ਹੈ...)

...ਪਰਦਾ ਡਿੱਗਦਾ ਹੈ.....]

# ਅਣੋਖੀਆਂ ਗੀਤਾਂ

# ਪਾਤਰ

| | |
|---|---|
| ਨੰਬਰਦਾਰ | ਬਲਦੇਵ ਸਿੰਘ |
| ਬੇਬੀ | ਰਾਮੋ ਦੀ ਦੋਹਤੀ |
| ਰਾਮੋ | ਬੀਰ ਤੇ ਬਲਵੰਤ ਦੀ ਮਾਂ |
| ਬੀਰ ਸਿੰਘ | ਰਾਮੋ ਦਾ ਪੁੱਤਰ |
| ਰੁਲਦੂ | ਦੁਕਾਨਦਾਰ ਦਾ ਪੁੱਤਰ |
| ਬੂਟਾ | ਬਲਵੰਤ ਦਾ ਕਾਮਾ |
| ਬਲਵੰਤ | ਰਾਮੋ ਦਾ ਪੁੱਤਰ |
| ਭਾਗ ਸਿੰਘ | ਨੰਬਰਦਾਰ ਦਾ ਰਿਸ਼ਤੇਦਾਰ |
| ਹਰਨਾਮੀ | ਇੱਕ ਨੇਤਰਹੀਨ ਔਰਤ |

# 2 ਅਨੋਖੀਆਂ ਰੀਤਾਂ

ਪਰਦਾ ਖੁੱਲ੍ਹਦਾ ਹੈ.....

**ਬੇਬੀ**, ਉਮਰ 7-8 ਸਾਲ, ਖਿਲੌਣਿਆਂ ਨਾਲ ਖੇਡਦੀ ਨਜ਼ਰ ਆਉਂਦੀ ਹੈ;

**ਨੰਬਰਦਾਰ ਬਲਦੇਵ ਸਿੰਘ** ਆਉਂਦਾ ਹੈ...

**ਨੰਬਰਦਾਰ** : ਲੈ ਬਈ ਕਦੀ ਕੁੜੀਆਂ ਵੀ ਪਸਤੌਲ ਚਲਾਉਂਦੀਆਂ ਹੁੰਦੀਆਂ ਨੇ?

**ਬੇਬੀ** : ਹਾਂ, ਮਾਮਾ ਜੀ ਕਹਿੰਦੇ ਹੁੰਦੇ ਐ ਹੁਣ ਕੁੜੀਆਂ ਵੀ ਫੌਜੀ ਬਣਿਆ ਕਰਨਗੀਆਂ।

**ਨੰਬਰਦਾਰ** : ਅੱਛਾ ਤੇ ਤੂੰ ਹੁਣ ਮਾਮਿਆਂ ਵਾਂਗ ਫੌਜੀ ਬਣੇਂਗੀ?

**ਬੇਬੀ** : (ਪਸਤੌਲ ਚਲਾ ਕੇ...) ਹਾਂ

**ਨੰਬਰਦਾਰ** : ਓਏ ਭੂਤਨੀਏ (ਹਸ ਪੈਂਦਾ ਹੈ...) ਅੱਛਾ ਤੇਰਾ ਮਾਮਾ ਕਿੱਥੇ ਐ, ਬੁਲਾ ਖਾਂ ਜ਼ਰਾ।

**ਬੇਬੀ** : ਕਿਹੜਾ ਮਾਮਾ?

**ਨੰਬਰਦਾਰ** : ਓਹੀ ਤੇਰਾ ਮਾਮਾ...

**ਬੇਬੀ** : ਮੈਂ ਨਹੀਂ ਦਸਦੀ।

**ਨੰਬਰਦਾਰ** : ਹੈਂ ਬੜੀ ਬਲਾਂ ਐਂ ਤੂੰ, ਕਿਉਂ ਨਹੀਂ ਦਸਦੀ?

**ਬੇਬੀ** : ਵੱਡੇ ਮਾਂ ਜੀ ਨੇ ਕਿਹਾ ਸੀ ਤੂੰ ਕਿਸੇ ਨੂੰ ਦਸੀਂ ਨਾ।

ਨੰਬਰਦਾਰ : ਚੰਗਾ ਬਈ ਮੈਂ ਆਪ ਹੀ ਪਤਾ ਕਰ ਲੈਂਦਾ ਹਾਂ। (ਵਾਜ ਮਾਰਦਾ ਹੈ...) ਬਲਵੰਤ ਸਿੰਹਾ!

(ਰਾਮੋ ਅੰਦਰੋਂ ਆਉਂਦੀ ਹੈ...)

ਰਾਮੋ : ਆ ਬਲਦੇਵ ਸਿਹਾਂ, ਬੈਹ ਜਾ।

ਨੰਬਰਦਾਰ : ਕਿੱਥੇ ਐ ਬਲਵੰਤ? ਮੈਂ ਪੁੱਛਿਆ ਮੁੰਨੀ ਨੂੰ, ਕਹਿੰਦੀ ਐ ਮੈਂ ਨਹੀਂ ਦਸਦੀ। ਬੜੀ ਸ਼ਿਹਾਰ ਹੈ ਬਈ। ਨਾਲੇ ਕਹਿੰਦੀ ਐ ਮੈਂ ਫੌਜੀ ਬਣੂੰਗੀ...

ਬੇਬੀ : ਤੂੰ ਕਿਹਾ ਨਹੀਂ ਸੀ ਬਈ ਦਸੀਂ ਨਾ ਕਿਸੇ ਨੂੰ...

ਰਾਮੋ : (ਝਿੜਕਦੀ ਹੈ...) ਚੱਲ ਦੌੜ ਐਥੋਂ ਲੰਬੀ... (ਬੇਬੀ ਦੌੜ ਜਾਂਦੀ ਹੈ...) ਮੈਂ ਤਾਂ ਆਪ ਡੀਕਦੀ ਹਾਂ ਸਗੋਂ। ਅਜੇ ਖਾਧਾ ਪੀਤਾ ਵੀ ਕੁੱਛ ਨਹੀਂ, ਅਜੇ ਆਇਆ ਹੀ ਨਹੀਂ ਬਾਹਰੋਂ। ਅੱਜ ਤਾਂ ਸਵੇਰੇ ਮੂੰਹ ਨ੍ਹੇਰੇ ਹੀ ਉਠ ਗਿਆ ਸੀ। ਐਡਾ ਦਿਨ ਆ ਗਿਆ ਹੈ ਉਤੋਂ।

ਨੰਬਰਦਾਰ : ਹਾਂ ਹੁਣ ਤਾਂ ਨੌ ਵੱਜ ਚੱਲੇ ਨੇ ਸੁੱਖ ਨਾਲ। ਚਲੋ ਉਹ ਤਾਂ ਖੈਰ ਆ ਜਾਊ। ਮੈਂ ਤਾਂ ਆਇਆ ਸਾਂ, ਉਸ ਦਿਨ ਰਿਸ਼ਤੇ ਬਾਰੇ ਗੱਲ ਕੀਤੀ ਸੀ ਨਾ, ਉਹ ਬੰਦਾ ਰਾਤ ਦਾ ਫੇਰ ਆਇਆ ਹੋਇਐ।

ਰਾਮੋ : ਅੱਛਾ ਇਹ ਗੱਲ ਐ ਤਾਂ ਠੀਕ ਐ। ਅਸੀਂ ਕੋਈ ਤੈਥੋਂ ਬਾਹਰ ਆਂ। ਭਲਾ ਜੇ ਤੂੰ ਚਾਹੁੰਦੈਂ ਤਾਂ ਹੋਰ ਕੀ ਚਾਹੀਦੈ।

ਨੰਬਰਦਾਰ : ਲੈ ਚਾਹੁੰਦਾ ਆਂ ਤਾਂ ਹੀ ਆਖਦਾ ਆਂ, ਮੈਂ ਤਾਂ ਉਨ੍ਹਾਂ ਨੂੰ ਆਖਤਾ ਐ, ਬਈ ਘਰ ਸਾਰੇ ਪਿੰਡ 'ਚੋਂ ਅੱਬਲ ਨੰਬਰ ਐ ਸੁਹਣਾ।

ਰਾਮੋ : (ਸੋਚ ਕੇ...) ਪਰ ਇਕ ਗੱਲ ਹੋਰ ਨੰਬਰਦਾਰਾ।

ਨੰਬਰਦਾਰ : ਉਹ ਕੀ?

ਰਾਮੋ : ਬਈ ਮੁੰਡੇ ਨੇ ਮੇਰੇ ਦੋ, ਪਹਿਲਾ ਹੱਕ ਵੱਡੇ ਦਾ, ਫੇਰ ਵਾਰੀ ਛੋਟੇ ਦੀ।

ਨੰਬਰਦਾਰ : ਵੱਡੇ ਦਾ ਹੱਕ? ਇਹ ਗੱਲ ਝੂਠੀ, ਮੈਂ ਨਹੀਂ ਬਈ ਜ਼ਬਾਨ ਕਰਦਾ (ਖੜ੍ਹਾ ਹੋ ਜਾਂਦਾ ਹੈ...)

ਰਾਮੋ : ਬੀਰੇ ਨੂੰ ਤਾਂ ਹੋਰ ਵੀ ਬਥੇਰਿਆਂ ਨੇ ਆਖਿਐ, ਕਰਾਉਣਾ ਐ ਤਾਂ ਬਲਵੰਤ ਨੂੰ ਕਰਾ। ਫੇਰ ਜਾਣਾਂ ਤੇਰੀ ਹਿੰਮਤ ਨੂੰ।

ਨੰਬਰਦਾਰ : ਕੀ ਗੱਲਾਂ ਕਰਦੀ ਐਂ ਭਾਬੀ? ਮੈਂ ਕਿਹੜੇ ਮੂੰਹ ਨਾਲ ਇਹ ਗੱਲ ਆਖਾਂ ਅਗਲੇ ਨੂੰ।

ਰਾਮੋ : ਕਿਉਂ ਇਹਦੇ 'ਚ ਆਖਣ ਨੂੰ ਕੀ ਐ?

ਨੰਬਰਦਾਰ : ਤੇਰੇ ਭਾਣੇ ਇਹਦੇ 'ਚ ਹਈ ਕੁਝ ਨੀਂ। ਅਗਲਾ ਭਲਾ ਮਾਣਸ ਆਖੂ ਹੋਰ ਕਿਤੇ ਜਹਾਨ ਤੇ ਮੁੰਡੇ ਮੁਕਗੇ ਜੋ ਇਸ ਲੰਗੇ ਲੂਲੇ ਨੂੰ ਦੇ ਦਿਆਂ ਕੁੜੀ। ਇਦੂੰ ਤਾਂ ਕੁੜੀ ਨੂੰ ਖੂਹ 'ਚ ਨੀਂ ਧੱਕਾ ਦੇ ਦੇਊਂ।

ਰਾਮੋ : (ਜ਼ਰਾ ਤੇਜੀ ਨਾਲ...) ਲੰਗਾ ਲੂਲਾ ਉਹ ਹੁੰਦਾ ਐ ਜਿਹੜਾ ਨਖੱਟੂ ਹੋਵੇ, ਕੰਮ ਸਾਰੇ ਕਰ ਲੈਂਦੈ ਤੇਰੇ ਸਾਹਮਣੇ ਈ ਐ, ਫਸਲ ਸਾਰੇ ਪਿੰਡ 'ਚੋਂ ਚੜ੍ਹਕੇ ਐ ਬਧੀਆ। ਤੇ ਨਾਲੇ ਹੱਟੇ-ਕੱਟੇ ਤੇ ਸੁਹਣਿਆਂ ਨੇ ਕਿਤੇ ਛਾਵੇਂ ਬਹਿਣਾ ਹੁੰਦੈ।

ਨੰਬਰਦਾਰ : ਠੀਕ ਐ ਭਾਬੀ ਪਰ ਆਪਾਂ ਆਪ ਈ ਸੋਚੀਏ ਬਈ ਅਸੀਂ ਕਰੀਏ ਰਿਸ਼ਤਾ ਇਹੋ ਜਿਹੀ ਥਾਂ, ਆਦਮੀ ਨੂੰ ਪਹਿਲਾਂ ਆਪਣੀ ਪੀਹੜੀ ਹੇਠ ਸੋਟਾ ਫੇਰਨਾ ਚਾਹੀਦੈ।

ਰਾਮੋ : ਲੈ ਉਹਨੂੰ ਕੀ ਹੋਇਐ? ਕਿਸ ਗੱਲ ਦਾ ਘਾਟਾ ਐ? ਸਾਰਾ ਪਿੰਡ, ਕੋਈ ਗੱਲ ਹੋਵੇ ਉਹਨੂੰ ਪੁਛਦੇ ਐ ਆ ਕੇ। ਕੋਈ ਅਫਸਰ ਆਵੇ ਤਾਂ ਉਹਨੂੰ ਪਹਿਲਾਂ ਸੱਦਦੇ

ਐ ਕੁਰਸੀ ਤੇ ਬਰੋਬਰ ਬਹਾਉਂਦੇ ਐ। ਜੇ ਨਾ ਇਹ ਖਸਮਾਂ ਨੂੰ ਖਾਣੇ ਲੜਾਈਆਂ ਕਰਨ ਤਾਂ ਕਾਹਨੂੰ ਮਾਂਵਾਂ ਦੇ ਪੁੱਤ ਮਰਨ ਤੇ ਲੰਗੇ ਲੂਲੇ ਹੋਣ। ਰੱਬ ਨੇ ਬਥੇਰੀ ਅਕਲ ਸ਼ਕਲ ਦਿੱਤੀ ਸੀ, ਖਬਰੇ ਕੀ ਪਾਪ ਕੀਤਾ ਸੀ ਪਿਛਲੇ ਜਨਮ ਜੀਹਦੀਆਂ ਕਰਨੀਆਂ ਭਰਨੀਆਂ ਬਿਚਾਰਾ ਹੁਣ ਭਰ ਰਿਹਾ ਐ।

ਨੰਬਰਦਾਰ : ਬਈ ਮੈਂ ਤਾਂ ਨੀ ਇਹ ਕੰਮ ਕਰ ਸਕਦਾ ਭਾਬੀ, ਭਾਵੇਂ ਰਾਜੀ ਰਹੁ ਭਾਵੇਂ ਗੁੱਸੇ।

ਰਾਮੋ : (ਨਹੋਰੇ ਨਾਲ...) ਤੂੰ ਤਾਂ ਆਪ ਹੀ ਨੰਨਾ ਫੜਿਆ ਐ ਬਈ ਤੂੰ ਗੱਲ ਤਾਂ ਕਰ ਵੇਖ ਖਬਰੇ ਅਗਲਾ ਮੰਨ ਈ ਜਾਵੇ। ਨਾਲੇ ਜੋਰ ਵਾਲੇ ਥਾਂ ਈ ਅਗਲਾ ਆਖਦੈ।

ਨੰਬਰਦਾਰ : ਆਖਣ ਦੀ ਗੱਲ ਹੋਵੇ ਤਾਂ ਮੈਂ ਲੱਖ ਵਾਰੀ ਆਖਾਂ ਪਰ...

ਰਾਮੋ : ਪਰ ਪੁਰ ਮੈਂ ਨਹੀਂ ਜਾਣਦੀ। ਤੂੰ ਕਰੇਂ ਤਾਂ ਸਭ ਕੁਛ ਹੋ ਸਕਦਾ ਐ, ਫੇਰ ਵੀ ਉਹ ਤੇਰਾ ਰਿਸ਼ਤੇਦਾਰ ਐ, ਤੈਥੋਂ ਬਾਹਰ ਨਹੀਂ ਹੋ ਸਕਦਾ, ਨਾਲੇ ਬਲਦੇਵ ਸਿਆਂ ਇਹ ਤਾਂ ਪਿੰਡ ਬੰਨ੍ਹਣਾ ਹੁੰਦਾ ਐ।

ਨੰਬਰਦਾਰ : ਓਏ ਉਹ ਤੇ ਰਿਸ਼ਤੇਦਾਰ ਐ ਪਰ ਪਹਿਲਾਂ ਤੇਰੀ ਭੈਣ ਈ ਮੇਰੀ ਦਾਹੜੀ ਪੁੱਟੂ।

ਰਾਮੋ : ਬੇਬੇ ਦੀ ਮਿੰਨਤ ਮੈਂ ਕਰ ਲੂੰ, ਉਹਨੂੰ ਮੈਂ ਮਨਾ ਲੂੰ ਪਰ ਤੂੰ ਆਵਦਾ ਜ਼ੋਰ ਤਾਂ ਲਾ ਦੇ।

ਨੰਬਰਦਾਰ : ਨਾ ਬਈ ਭਾਬੀ ਮੈਂ ਹੁਣ ਚਲਦਾ ਆਂ, ਬਲਵੰਤ ਵੀ ਨਾ ਆਇਆ। ਆ ਜਾਂਦਾ ਤਾਂ ਉਹਦੇ ਨਾਲ ਸਲਾਹ ਕਰ ਲੈਂਦਾ। ਤੁਸੀਂ ਮਾਂ ਪੁੱਤ ਸਲਾਹ ਕਰ ਲਿਆ ਜੇ, ਮੈਂ ਥੋੜ੍ਹੀ ਦੇਰ ਨੂੰ ਫੇਰ ਪਤਾ ਕਰਦਾਂ।

ਰਾਮੋ : ਚੰਗਾ...

ਨੰਬਰਦਾਰ : (ਮੁੜਦਾ ਹੋਇਆ...) ਮੈਂ ਫੇਰ ਕਹਿੰਦਾ ਭਾਬੀ ਤੂੰ ਐਂਵੇਂ ਜਿੱਦ ਨਾ ਕਰ ਬਹੀਂ। ਕੁੜੀ ਬੜੀ ਸੁਨੱਖੀ ਐ ਤੇ ਸਿਆਣੀ, ਤੇਰੇ ਘਰ ਨੂੰ ਭਾਗ ਲਾ ਦਊ ਆ ਕੇ (ਜਾਂਦਿਆਂ ਹੋਇਆਂ...) ਮੈਂ ਗੱਲ ਕਰਦਾਂ ਖਰੀ।

ਰਾਮੋ : (ਆਪਣੇ ਆਪ ਵਿਚ...) ਕਹਿੰਦੈ ਲੰਗੇ ਲੂਲੇ ਨੂੰ ਕੌਣ ਕੁੜੀ ਦੇਂਦਾ ਐ.. ਮੂੰਹ ਸੁਹਣਾ ਨਾ ਹੋਵੇ ਤਾਂ ਬੰਦਾ ਗੱਲ ਤਾਂ ਸੁਹਣੀ ਕਰੇ। ਜੀਅ ਤਾਂ ਆਇਆ ਸੀ ਬਈ ਕਹਿ ਦਿਆਂ ਅਸੀਂ ਨਹੀਂ ਲੈਂਦੇ ਤੇਰਾ ਰਿਸ਼ਤਾ, ਬੱਡਾ ਬਣਿਆ ਫਿਰਦਾ ਐ।

(**ਬੀਰ ਸਿੰਘ** ਉਮਰ 24-25 ਸਾਲ ਆਉਂਦਾ ਹੈ...)

ਆਹ ਦੇਖ, ਤੂੰ ਸੁਣਿਐ ਬੀਰ?

ਬੀਰ ਸਿੰਘ : ਛੱਡ ਮਾਂ ਮੈਂ ਸੁਣ ਲੀਆਂ ਉਹਦੀਆਂ ਗੱਲਾਂ ਤੂੰ ਐਂਵੇਂ ਦੁਖੀ ਨਾ ਹੋ, ਹੁਣ ਆਇਆ ਤਾਂ ਮੈਂ ਈ ਕਹਿ ਦਿਆਂਗਾ ਬਈ ਚਾਚਾ ਪਹਿਲਾਂ ਬਾਈ ਦਾ ਵਿਆਹ ਹੋਵੇ ਮੈਂ ਫੇਰ ਈ ਕਰਾਵਾਂਗਾ।

ਰਾਮੋ : ਮੈਂ ਕਾਹਨੂੰ ਦੁਖੀ ਹੋਣੈ ਪੁੱਤ, ਜੀਹਦੇ ਥੋਡੇ ਵਰਗੇ ਦੋ ਲਾਲ ਹੋਣ। ਜਗ ਜਿਉਂਦੇ ਰਹਿਣ ਮੇਰੇ ਪੁੱਤ, ਕੁੜੀਆਂ ਬਥੇਰੀਆਂ।

ਬੀਰ ਸਿੰਘ : ਮਾਂ, ਬਾਈ ਆਇਆ ਈ ਨਾ।

ਰਾਮੋ : ਲੈ ਆ ਜਾਂਦਾ ਐ, ਤੂੰ ਲੀੜੇ ਲਾਹ ਤੇ ਨਾਹ ਧੋ ਲੈ।

ਬੀਰ ਸਿੰਘ : ਲੈ ਆ ਈ ਜਾਂਦਾ ਤਾਂ ਕੋਈ ...

ਰਾਮੋ : ਐਂਵੇਂ ਚਿੰਤਾ ਨਾ ਕਰ ਜਾ ਕੇ ਨਹਾ ਲੈ, ਜਾਹ ਮੇਰਾ ਪੁੱਤ।

(ਬੀਰ ਸਿੰਘ ਜਾਂਦਾ ਹੈ...)

(**ਰੁਲਦੂ** ਘਬਰਾਇਆ ਆਉਂਦਾ ਹੈ...)

ਰੁਲਦੂ : ਅੰਮਾਂ ਚਾਚਾ ਕਿੱਥੇ ਐ?

ਰਾਮੋ : ਕਿਉਂ... ਘਰ ਤਾਂ ਹੈ ਨੀ, ਕੀ ਗੱਲ ਐ?

ਰੁਲਦੂ : ਠਾਣੇਦਾਰ ਆਇਐ।

ਰਾਮੋ : (ਘਬਰਾ ਕੇ...) ਥਾਣੇਦਾਰ, ਸਾਡੇ ਘਰ?

ਰੁਲਦੂ : ਹਾਂ.. ਨਹੀਂ ਨਹੀਂ, ਉਹ ਮੇਰੇ ਬਾਪੂ ਨੂੰ ਫੜ ਕੇ ਲੈ ਗਿਐ। ਕਹਿੰਦੈ ਤੁਸੀਂ ਚੀਨੀ ਘੱਟ ਤੋਲਦੇ ਓ।

ਰਾਮੋ : ਹੈਂ, ਤੁਸੀਂ ਚੀਨੀ ਘੱਟ ਤੋਲਦੇ ਓ?

ਰੁਲਦੂ : ਬਲਵੰਤ ਚਾਚਾ ਈ ਬਚਾ ਸਕਦੈ, ਹੋਰ ਤਾਂ ਕਿਸੇ ਦਾ ਕਹਿਣਾ ਨਹੀਂ ਮੰਨਣਾ ਉਸ ਨੇ। ਅੰਮਾਂ ਚਾਚੇ ਨੂੰ ਕਹਿ ਨਾ...

ਰਾਮੋ : ਹੁਣੇ ਆਉਂਦੈ ਤਾਂ ਘੱਲ ਦੇਊਂ, ਲੈ ਮਜਾਲ ਐ ਕਿਸੇ ਦੀ...

ਰੁਲਦੂ : ਮੈਂ ਵੇਖਦਾਂ ਬਾਹਰ, ਘਰ ਆਇਆ ਤਾਂ ਚਾਚੇ ਨੂੰ ਧਰਮਸਾਲ ਵੱਲ ਘੱਲ ਦੇਈਂ।

(ਬਾਹਰ ਜਾਂਦਾ ਹੈ...
**ਬੂਟਾ** ਆ ਕੇ ਗੰਨੇ ਸੁਟਦਾ ਹੈ ਤੇ ਕਪੜੇ ਝਾੜਦਾ ਹੈ...)

ਰਾਮੋ : ਵੇ ਐਨੇ ਗੰਨੇ?

ਬੂਟਾ : ਸਰਦਾਰ ਜੀ ਨੇ ਰਾਤੀਂ ਆਖਿਆ ਸੀ ਟੇਸ਼ਣ ਲੈ ਆਵੀਂ, ਕਿਸੇ ਨੂੰ ਦੇਣੇ ਹੋਣਗੇ। ਮੈਂ ਅਜੇ ਕੱਸੀ ਤੇ ਈ ਅਪੜਿਆ ਸਾਂ ਕਿ ਗੱਡੀ ਈ ਲੰਘਗੀ।

ਰਾਮੋ : ਤੇ ਬਲਵੰਤ ਟੇਸ਼ਣ ਤੇ ਕੀਹਦੇ ਵਾਸਤੇ ਗਿਆ ਐ? ਘਰ ਕੋਈ ਗੱਲ ਤਾਂ ਕੀਤੀ ਨੀ।

ਬੂਟਾ : ਗਿਆ ਹੋਊਗਾ, ਅੰਮਾ ਆਪਣਾ ਬੀਰ ਸਿਉਂ ਆਇਐ?

ਰਾਮੋ : ਤੈਨੂੰ ਕਿਸ ਨੇ ਆਖਿਐ?

ਬੂਟਾ : ਉਹ ਬੋਹੜੂ ਆਂਹਦਾ ਸੀ ਕਿ ਸਵੇਰੇ ਜਦੋਂ ਹਲ ਲੈ ਕੇ ਆਇਆ ਤਾਂ ਕੋਈ ਬੀਰ ਸਿਉਂ ਵਰਗਾ ਅੰਦਰ ਬੜਦਾ ਵੇਖਿਆ ਸੀ।

(**ਬਲਵੰਤ,** ਉਮਰ 30-32 ਸਾਲ, ਵਿਸਾਖੀਆਂ ਨਾਲ ਚਲਦਾ ਅੰਦਰ ਆਉਂਦਾ ਹੈ...)

ਬਲਵੰਤ : ਓਏ ਕੌਣ ਬੀਰ ਸਿਉਂ ਵਰਗਾ ਸੀ?

ਬੂਟਾ : ਆਪਣਾ ਬੀਰ ਸਿਉਂ ਈ ਆਪਣੇ ਬੀਰ ਸਿੰਘ ਬਰਗਾ ਹੋ ਸਕਦਾ ਐ ਬਈ।

ਬਲਵੰਤ : (ਹੱਸ ਪੈਂਦਾ ਹੈ...) ਗੱਲ ਕੀਤੀ ਐ ਝੱਲੇ ਨੇ। ਬੀਰ ਤਾਂ ਹੋਰ ਵੀ ਹੋ ਸਕਦਾ ਐ ਪਰ ਆਪਣੇ ਬੀਰ ਵਰਗਾ ਤਾਂ ਆਪਣਾ ਬੀਰ ਈ ਹੋ ਸਕਦੈ, ਕਿਉਂ ਮਾਂ ਹੈ ਨਾ ਗੱਲ ਠੀਕ?

ਬੀਰ ਸਿੰਘ : (ਦਾਖਲ ਹੁੰਦਾ ਹੋਇਆ...) ਬਾਈ ਸਸਰੀਕਾਲ?

ਬਲਵੰਤ : ਓ ਬੱਲੇ ਬਈ ਬੀਰ? (ਮਿਲ ਕੇ...) ਓ ਤੂੰ ਕਦੋਂ ਆਇਐ ਬਈ।

ਬੀਰ ਸਿੰਘ : ਹੁਣੇ ਈ, ਤੁਸੀਂ ਉੱਠ ਕੇ ਈ ਗਏ ਹੋਵੋਗੇ ਹਾਲੇ, ਜਦੋਂ ਮੈਂ ਆ ਗਿਆ ਸਵੇਰੇ ਈ ਸਵੇਰੇ।

ਬਲਵੰਤ : ਪਰ ਤੂੰ ਚਿੱਠੀ 'ਚ ਤਾਂ ਕੁੱਝ ਲਿਖਿਆ ਨਹੀਂ ਸੀ।

ਬੀਰ ਸਿੰਘ : ਚਿੱਠੀ? ਬਾਈ ਬਸ ਮੌਕਾ ਈ ਨਾ ਮਿਲਿਆ ਲਿਖਣ ਦਾ।

ਬਲਵੰਤ : ਸਾਨੂੰ ਤੇਰੇ ਆਉਣ ਦਾ ਚਿੱਤ ਚੇਤਾ ਵੀ ਨਹੀਂ ਸੀ।

ਬੀਰ ਸਿੰਘ : ਮੇਰਾ ਵੀ ਬਸ ਬਾਈ ਇਕ ਦਮ ਹੀ ਇਰਾਦਾ ਬਣਿਆ ਤੇ ਮੈਂ ਆ ਗਿਆ।

ਬਲਵੰਤ : ਚਲੋ ਖੈਰ ਚੰਗਾ ਹੋਇਆ। ਪਰ ਤੈਨੂੰ ਛੁੱਟੀ ਕਿਵੇਂ ਮਿਲ ਗਈ?

ਰਾਮੋ : ਤੁਸੀਂ ਇਹ ਗੱਲਾਂ ਫੇਰ ਕਰ ਲਿਆ ਜੇ, ਪਹਿਲਾਂ ਕੁੱਛ ਖਾ ਪੀ ਲਓ, ਐਡਾ ਦਿਨ ਆ ਗਿਆ ਉਤੋਂ। ਬੀਰ ਵੀ ਤੈਨੂੰ ਈ ਉਡੀਕੀ ਜਾਂਦਾ ਸੀ।

ਬਲਵੰਤ : ਉਹੋ, ਖਾਣ ਪੀਣ ਦੀ ਗੱਲ ਛੱਡ ਮਾਂ, ਭੁੱਖ ਈ ਲੱਥ ਗਈ ਆ... ਬੀਰ ਜੁ ਆ ਗਿਆ ਐ।

ਬੂਟਾ : ਉਹ ਤਾਂ ਬਾਈ ਠੀਕ ਐ ਪਰ ਖਾਣ ਪੀਣ ਵੀ ਤਾਂ ਹੁੰਦਾ ਈ ਐ ਨਾ।

ਬਲਵੰਤ : ਓਏ ਤੂੰ ਪਹੁੰਚਿਆ ਈ ਨਾ ਝੱਲਿਆ...

ਬੂਟਾ : ਮੈਂ ਤਾਂ ਬਥੇਰੀ ਰੇਸ ਲਾਈ ਪਰ ਟੇਸ਼ਣ ਈ ਲੰਘ ਗਿਆ।

ਬਲਵੰਤ : ਉਹ ਮੈਂ ਤਾਂ ਜਾਣਨਾਂ ਤੈਨੂੰ ਰੇਸਰ ਨੂੰ। ਚਲ ਜੋ ਸੁਆਹ ਉਡਾਣੀ ਸੀ ਉਹ ਤਾਂ ਤੂੰ ਉਡਾ ਦਿੱਤੀ, ਹੁਣ ਬਲਦਾਂ ਨੂੰ ਪਾਣੀ-ਪੂਣੀ ਦਿਖਾ ਸਵੇਰ ਦੇ ਤਿਹਾਏ ਹੋਣਗੇ।

ਬੂਟਾ : ਚੰਗਾ ਬਾਈ, ਸ਼ਾਮ ਨੂੰ ਆਇਓ ਖੂਹ ਤੇ। ਬੀਰ ਨੂੰ ਵੀ ਲਿਆਈਂ ਨਾਲ, ਤੂੰ ਸਮਝ ਈ ਗਿਆ ਹੋਣੈਂ? ਪੈੱਗ-ਸ਼ੈੱਗ ਲਾਵਾਂਗੇ।

(ਜਾਂਦਾ ਹੈ... ਬੇਬੀ ਭੱਜੀ ਆਉਂਦੀ ਹੈ...)

ਬੇਬੀ : (ਬਲਵੰਤ ਦੇ ਕੰਨ ਵਿਚ...) ਮਾਮਾ, ਮਾਮਾ... ਇਕ ਗੱਲ ਦੱਸਾਂ?

ਬਲਵੰਤ : ਹਾਂ ਦੱਸ।

ਰਾਮੋ : ਚੱਲ ਬੜ-ਬੋਲੀਏ, ਸਾਰਾ ਦਿਨ ਵਿੱਚੇ ਅੜਦੀ ਰਹਿੰਦੀ

ਐਂ... ਉਹ ਨੰਬਰਦਾਰ ਆਇਆ ਸੀ, ਕਹਿੰਦਾ ਸੀ ਰਾਤ ਦਾ ਉਹਦਾ ਸਰਬੰਧੀ ਆਇਆ ਹੋਇਆ ਐ।

ਬਲਵੰਤ : ਲੈ ਬਈ ਫੇਰ ਤਾਂ ਬੀਰ ਮੌਕੇ ਤੇ ਈ ਪਹੁੰਚਿਆ ਐ, ਓਏ ਤੈਨੂੰ ਕਿਤੇ ਉਨ੍ਹਾਂ ਨੇ ਪਹਿਲਾਂ ਈ ਤਾਂ ਨੀ ਗੰਢ ਲਿਆ। ਅਸੀਂ ਭਰਜਾਈ ਲਿਉਂਦੇ-ਲਿਉਂਦੇ ਕਿਤੇ ਭਰਾ ਤੋਂ ਈ ਹੱਥ ਧੋ ਬੈਠੀਏ। ਕਿਉਂ ਮਾਂ?

ਰਾਮੋ : ਲੈ ਖਾਂ ਭਰਾ ਕਿਤੇ ਥਿਉਂਦੇ ਆ... ਤੇ ਆਪਣਾ ਬੀਰ ਤਾਂ ਹਈ ਭੋਲਾ?

ਬੀਰ ਸਿੰਘ : ਬਾਈ ਪਹਿਲਾਂ ਤੂੰ ਆਵਦਾ ਕਰਵਾ, ਫੇਰ ਮੇਰੀ ਵੇਖੀ ਜਾਊ।

ਰਾਮੋ : ਬੀਰ ਠੀਕ ਈ ਆਂਹਦੈ। ਮੈਂ ਤਾਂ ਆਪ ਉਨ੍ਹਾਂ ਨੂੰ ਆਖ ਦਿਤੈ ਬਈ ਪਹਿਲਾਂ ਬਲਵੰਤ ਕਰਾਊ।

ਬਲਵੰਤ : (ਹੱਸ ਕੇ...) ਮਾਂ ਤੈਨੂੰ ਪਤਾ ਨਹੀਂ? ਅੱਜ-ਕੱਲ੍ਹ ਦੂਜਾ ਵਿਆਹ ਕਰਵਾਣ ਵਾਲੇ ਨੂੰ ਅੰਦਰ ਕਰ ਦੇਂਦੇ ਐ।

ਰਾਮੋ : ਚੱਲ ਗਾਲੜੀ, ਗੱਲਾਂ 'ਚ ਤਾਂ ਤੂੰ ਕਿਸੇ ਨੂੰ ਬਾਰੀ ਨੀ ਆਉਣ ਦੇਂਦਾ। ਨਾਲੇ ਤੂੰ ਅੱਜ ਟੇਸ਼ਣ ਤੇ ਕਾਹਦੇ ਲਈ ਗਿਆ ਸੀ?

ਬਲਵੰਤ : ਉਹ ਟੇਸ਼ਣ ਗਿਆ ਸਾਂ ਤੇਰੀ ਨੋਂਹ ਨੂੰ ਲੈਣ, ਉਹ ਆਈ ਈ ਨੀ।

ਰਾਮੋ : ਤੂੰ ਨੀ ਕਿਸੇ ਨੂੰ ਬਾਰੀ ਆਉਣ ਦੇਂਦਾ। ਤੁਸੀਂ ਦੋਵੇਂ ਭਰਾ ਕਰੋ ਗੱਲਾਂ, ਮੈਂ ਥੋਡੇ ਲਈ ਰੋਟੀ ਪਕਾਉਨੀ ਆਂ। (ਜਾਂਦੀ ਹੈ...)

ਬਲਵੰਤ : ਉਹ ਆਪਣਾ ਕਰਤਾਰ ਸਿਉਂ ਆਇਆ ਹੋਇਆ ਸੀ ਨਾ...

| | |
|---|---|
| ਬੀਰ ਸਿੰਘ | : ਕਿਹੜਾ ਕਰਤਾਰ ਸਿਉਂ? |
| ਬਲਵੰਤ | : ਉਹ ਫੌਜੀ... ਕਲ੍ਹ ਉਹਦੀ ਤਾਰ ਆਈ ਸੀ। |
| ਬੀਰ ਸਿੰਘ | : ਤਾਰ ਆਈ ਸੀ? |
| ਬਲਵੰਤ | : ਹਾਂ ਉਹਦੀ ਛੁੱਟੀ ਕੈਂਸਲ ਹੋਗੀ, ਉਹ ਵਾਪਿਸ ਗਿਆ ਐ ਨਾ? ਇਹ ਗੰਨੇ ਮੈਂ ਉਸ ਦੇ ਲਈ ਮੰਗਵਾਏ ਸਨ। ਪਰ... ਤੈਨੂੰ ਵਾਹਵਾ ਛੁੱਟੀ ਮਿਲ ਗਈ ਜਦੋਂ ਦੂਜਿਆਂ ਦੀ ਕੈਂਸਲ ਹੋਈ ਜਾਂਦੀ ਐ? |
| ਬੀਰ ਸਿੰਘ | : ਹਾਂ... ਮਿਲ ਈ ਗਈ... ਹੋ ਈ ਗਈ ਛੁੱਟੀ... |
| ਬਲਵੰਤ | : ਕੱਲ੍ਹ ਰੇਡੀਓ ਤੇ ਖਬਰ ਵੀ ਸੀ ਬਈ ਦੁਸ਼ਮਣ ਨੇ ਅਚਾਨਕ ਸਾਡੀਆਂ ਦੋ ਚੌਕੀਆਂ ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਆ। ਲਗਦਾ ਇਉਂ ਐ ਬਈ ਦੁਸ਼ਮਣ ਨੇ ਏਸ ਵਾਰੀ ਬੜੀ ਤਿਆਰੀ ਨਾਲ ਸ਼ਰਾਰਤ ਕੀਤੀ ਐ। |
| ਬੀਰ ਸਿੰਘ | : ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਐ? ਐਸੀ ਤਾਂ ਕੋਈ ਗੱਲ ਨਹੀਂ। |
| ਬਲਵੰਤ | : ਮੇਰੇ ਮਨ 'ਚ ਵੀ ਕਈ ਵਾਰੀ ਆਉਂਦੈ ਬਈ ਜੇ ਮੈਂ ਵੀ ਸਰਹੱਦ ਤੇ ਜਾ ਕੇ ਆਪਣੇ ਵੀਰਾਂ ਨਾਲ ਖੜ੍ਹਾ ਹੋ ਸਕਦਾ... ਜੇ ਹੁਣ ਵੀ ਮੈਨੂੰ ਜਾਣ ਦੇਣ। ਕੀ ਹੋਇਆ ਜੇ ਮੇਰੀ ਲੱਤ ਹੈ ਨਹੀਂ, ਬਾਹਾਂ ਤਾਂ ਕਾਇਮ ਹਨ ਸਿਰ ਸਲਾਮਤ ਐ ਦੁਸ਼ਮਣ ਨਾਲ ਟੱਕਰ ਲੈਣ ਲਈ... ਛਾਤੀ ਕਾਇਮ ਐ ਦੁਸ਼ਮਣ ਦੇ ਟੈਂਕਾਂ ਦੇ ਮੁਕਾਬਲੇ ਲਈ... ਕੇਰਾਂ ਤਾਂ ਬਹਿਜਾ-ਬਹਿਜਾ ਕਰਵਾ ਦਿਆਂ। |
| ਬੀਰ ਸਿੰਘ | : ਬਾਈ ਤੂੰ ਕਿਹੋ ਜਿਹੀਆਂ ਗੱਲਾਂ ਕਰਦੈਂ ਅੱਜ? |
| ਬਲਵੰਤ | : ਉਹ.... |

(ਰੁਲਦੂ ਅੰਦਰ ਆਉਂਦਾ ਹੈ...)

**ਰੁਲਦੂ** : ਚਾਚਾ, ਚਾਚਾ ਛੇਤੀ ਚੱਲ, ਬਾਪੂ ਨੂੰ ਬਚਾ ਲੈ।

**ਬਲਵੰਤ** : ਉਹ ਕੀ ਗੱਲ ਐ?

**ਰੁਲਦੂ** : ਅੰਮਾਂ ਨੇ ਨ੍ਹੀ ਦਸਿਆ? ਠਾਣੇਦਾਰ ਨੇ ਬਾਪੂ ਨੂੰ ਫੜ ਲਿਐ ਬਈ ਤੂੰ ਚੀਨੀ ਘੱਟ ਤੋਲਨੈਂ। ਤੂੰ ਹੀ ਛੁਡਾ ਸਕਦਾ ਏਂ ਚਾਚਾ, ਹੋਰ ਨੀ ਉਨ੍ਹੇ ਕਿਸੇ ਦੀ ਮੰਨਣੀ।

**ਬਲਵੰਤ** : ਓਏ ਬਦਮਾਸ਼ੋ ਤੁਸੀਂ ਚੀਨੀ ਘੱਟ ਤੋਲਦੇ ਹੋ?

**ਰੁਲਦੂ** : ਬਾਈ ਗਲਤੀ ਹੋ ਗਈ। ਅੱਗੇ ਨੂੰ ਨੀਂ ਕਰਾਂਗੇ। ਇਸ ਵਾਰੀ ਬਚਾ ਲੈ ਚਾਚਾ।

**ਬਲਵੰਤ** : ਤੁਸੀਂ ਕੰਮ ਤਾਂ ਬੜਾ ਮਾੜਾ ਕੀਤਾ ਐ... ਕੋਈ ਨੀ ਗੱਲ ਕਰ ਵੇਖਾਂਗੇ।

**ਰੁਲਦੂ** : ਛੇਤੀ ਚੱਲ ਚਾਚਾ ਸਾਡੀ ਤਾਂ ਅੱਜ ਰੋਟੀ ਵੀ ਨਹੀਂ ਪੱਕੀ। ਉਹ ਤਾਂ ਬਾਪੂ ਨੂੰ ਫੜ ਕੇ ਲੈ ਈ ਚੱਲਿਆ ਹੈ।

**ਬਲਵੰਤ** : ਚੰਗਾ ਬਈ ਬੀਰ! ਫੇਰ ਮੈਂ ਜ਼ਰਾ ਜਾ ਈ ਆਵਾਂ।

**ਬੀਰ ਸਿੰਘ** : ਮੈਂ ਵੀ ਚੱਲਾਂ ਬਾਈ?

**ਬਲਵੰਤ** : ਨਹੀਂ, ਤੂੰ ਬੈਠ ਥੱਕਿਆ ਹੋਵੇਂਗਾ, ਮੈਂ ਆਉਨਾਂ ਹੁਣੇ।

**ਬੀਰ ਸਿੰਘ** : ਛੇਤੀ ਆ ਜਾਈਂ ਬਾਈ...

**ਬਲਵੰਤ** : ਚੰਗਾ ਬਈ... ਰੁਲਦੂ ਤੂੰ ਬਾਹਰ-ਬਾਹਰ ਚੱਲ ਤੇ ਮੈਂ ਆਉਂਦਾਂ ਅੰਦਰ ਦੀ।

(ਚਲੇ ਜਾਂਦੇ ਹਨ... ਰਾਮੋ ਅੰਦਰ ਆਉਂਦੀ ਹੈ ...)

**ਰਾਮੋ** : ਬਲਵੰਤ ਕਿੱਥੇ ਐ?

**ਬੀਰ ਸਿੰਘ** : ਰੁਲਦੂ ਆਇਆ ਸੀ ਉਹ ਲੈ ਗਿਆ ਬੁਲਾ ਕੇ।

**ਰਾਮੋ** : ਉਹ ਫੇਰ ਆਇਆ ਸੀ? ਲੈ ਚੰਗਾ ਤੂੰ ਤਾਂ ਚਾਹ ਪੀ।

ਬੀਰ ਸਿੰਘ : ਬਾਈ ਨੂੰ ਆ ਜਾਣ ਦੇ ਫੇਰ ਈ ਪੀਵਾਂਗੇ।

ਰਾਮੋ : ਕਿਉਂ, ਗੱਲ ਕੀਤੀ ਕੋਈ ਬਲਵੰਤ ਨਾਲ?

ਬੀਰ ਸਿੰਘ : ਨਹੀਂ ਮਾਂ, ਮੇਰਾ ਤਾਂ ਜੇਰਾ ਨਹੀਂ ਪੈਂਦਾ। ਬਾਈ ਆਦਮੀ ਐ ਹੋਰ ਤਰ੍ਹਾਂ ਦਾ, ਪਤਾ ਨਹੀਂ ਕੀ ਆਖੂ ਜਦੋਂ ਉਹਨੂੰ ਪਤਾ ਲੱਗਿਆ, ਨਾਲੇ ਤੈਨੂੰ ਉਹਦੇ ਸੁਭਾਅ ਦਾ ਤਾਂ ਪਤਾ ਈ ਐ ਨਾ।

(ਨੰਬਰਦਾਰ ਦਾਖਲ ਹੁੰਦਾ ਹੈ...)

ਨੰਬਰਦਾਰ : ਹਈ ਸ਼ਾਵਾਸ਼ੇ! ਮੈਂ ਆਖਿਆ ਬੋਹੜੂ ਐਂਵੇਂ ਬਕਦਾ ਐ, ਗੱਲ ਤਾਂ ਸੱਚੀ ਨਿਕਲੀ।

ਬੀਰ ਸਿੰਘ : ਸਤ ਸਰੀ ਕਾਲ ਚਾਚਾ! ਤਕੜੈਂ ਚਾਚਾ?

ਨੰਬਰਦਾਰ : ਬਿਲਕੁਲ ਬਈ ਘੋੜੇ ਵਰਗਾ, ਤੂੰ ਸੁਣਾ। ਲੈ ਬਈ ਅੱਜ ਤੈਨੂੰ ਸਾਡਾ ਨਿਉਂਦਾ... ਅੱਜ ਤੈਨੂੰ ਅਸੀਂ ਪਿਆਵਾਂਗੇ।

ਰਾਮੋ : ਤੈਨੂੰ ਤਾਂ ਸਾਰਾ ਦਿਨ ਪੀਣ ਦੀ ਲੱਗੀ ਰਹਿੰਦੀ ਐ।

ਨੰਬਰਦਾਰ : ਹੋਰ ਭਾਬੀ, ਇਸ ਦੁਨੀਆਂ 'ਚ ਹੋਰ ਹਈ ਕੀ? ਖਾਣਾ ਤੇ ਪੀਣਾ।

ਰਾਮੋ : ਪਹਿਲਾਂ ਤੂੰ ਸਾਡੀ ਗੱਲ ਤਾਂ ਮੰਨ।

ਬੀਰ ਸਿੰਘ : ਚਾਚਾ, ਮਾਂ ਗੱਲ ਤੇ ਠੀਕ ਈ ਕਹਿੰਦੀ ਐ।

ਨੰਬਰਦਾਰ : ਠੀਕ ਕੀ ਕਹਿੰਦੀ ਐ? ਇਹ ਤਾਂ ਸਾਡੀ ਜਾਨ ਕੜੱਕੀ 'ਚ ਫਸਾਉਂਦੀ ਐ। ਮੈਂ ਤਾਂ ਸਗੋਂ ਆਇਆ ਸਾਂ ਬਈ ਬਲਵੰਤ ਨਾਲ ਗੱਲ ਕਰ ਆਵਾਂ ਫੇਰ ਈ ਲਿਆਵਾਂ ਉਨ੍ਹਾਂ ਨੂੰ। ਗੱਲ ਤਾਂ ਤੁਸੀਂ ਕੀਤੀ ਹੋਣੀ ਐ। ਕਿੱਥੇ ਐ ਬਲਵੰਤ ਅਜੇ ਆਇਆ ਨਹੀਂ?

ਰਾਮੋ : ਆਇਆ ਤਾਂ ਸੀ ਪਰ ਅਜੇ ਗੱਲ ਨੀ ਕੋਈ ਹੋਈ।

ਬੀਰ ਸਿੰਘ : ਉਹਨੂੰ ਰੁਲਦੂ ਲੈ ਗਿਆ ਐ ਬੁਲਾ ਕੇ।

ਨੰਬਰਦਾਰ : ਚਲੋ ਆ ਜਾਂਦੈ ਬਲਵੰਤ, ਹੁਣ ਤਾਂ ਸੁੱਖ ਨਾਲ ਬੀਰ ਵੀ ਆ ਗਿਆ ਐ। ਤੁਸੀਂ ਕਰੋ ਮਾਂ ਪੁੱਤ ਗੱਲਾਂ ਤੇ ਅਸੀਂ ਆਉਂਦੇ ਆਂ। (ਚਲਾ ਜਾਂਦਾ ਹੈ...)

ਰਾਮੋ : ਜੇ ਇਹ ਬਲਵੰਤ ਨੂੰ ਰਿਸ਼ਤਾ ਕਰ ਦੇਣ ਤਾਂ ਬਲਵੰਤ ਵੀ ਮੰਨ ਈ ਜਾਵੇਗਾ।

ਬੀਰ ਸਿੰਘ : ਇਹ ਤਾਂ ਠੀਕ ਐ ਮਾਂ, ਮੈਂ ਤਾਂ ਸਾਫ ਈ ਬਾਈ ਨੂੰ ਦੱਸ ਦੇਂਦਾਂ... ਪਤਾ ਤਾਂ ਬਾਈ ਨੂੰ ਲਗਣਾ ਈ ਐ, ਜੇ ਕਿਤੇ ਹੋਰ ਤੋਂ ਪਤਾ ਲੱਗਿਆ ਤਾਂ ਹੋਰ ਦੁਖੀ ਹੋਊ।

ਰਾਮੋ : ਹਾਂ ਅੱਗੇ ਕੀ ਤੇ ਪਿੱਛੇ ਕੀ, ਦੱਸਣਾ ਤਾਂ ਪਊ।

ਬਲਵੰਤ : (ਅੰਦਰ ਆਉਂਦਾ ਹੈ...) ਕੀ ਦੱਸਣਾ ਪਊ ਮਾਂ... ਕਿਹਨੂੰ ਦੱਸਣਾ ਪਊ?

ਬੀਰ ਸਿੰਘ : ਬਾਈ ਇਕ ਗੱਲ ਐ...

ਬਲਵੰਤ : ਗੱਲ... ਕੀ ਗੱਲ ਐ?

ਬੀਰ ਸਿੰਘ : ਪਰ ਤੂੰ ਬੁਰਾ ਨਾ ਮੰਨੀ।

ਬਲਵੰਤ : ਤੂੰ ਘਬਰਾਇਆ ਕਿਉਂ ਐਂ?

ਰਾਮੋ : ਕੋਈ ਗੱਲ ਨੀ, ਤੇਰਾ ਬੀਰ ਐ ਛੋਟਾ, ਤੈਥੋਂ ਝਕਦੈ।

ਬਲਵੰਤ : ਝਕਦੈ? ਐਸੀ ਕਿਹੜੀ ਗੱਲ ਐ ਜਿਹੜੀ ਮਾਂ ਪੁੱਤ ਨਾਲ ਤੇ ਭਰਾ ਭਰਾ ਨਾਲ ਕਰਨੋਂ ਝਕਦੈ।

ਬੀਰ ਸਿੰਘ : ਬਾਈ ਅਸਲ 'ਚ ਮੈਂ ਛੁੱਟੀ ਨਹੀਂ ਆਇਆ।

ਬਲਵੰਤ : ਛੁੱਟੀ ਨਹੀਂ ਆਇਆ? ਤੂੰ... ਛੁੱਟੀ ਨੀ ਆਇਆ ਤਾਂ ਤੂੰ ਦੌੜ ਕੇ ਆ ਗਿਆ ਏਂ? ਹਾਇ ਓਏ ਮੇਰਿਆ

ਰੱਬਾ, ਮੇਰਾ ਤਾਂ ਪਹਿਲਾਂ ਈ ਮੱਥਾ ਠਣਕਿਆ ਸੀ ਬਈ ਕਰਤਾਰ ਸਿਉਂ ਦੀ ਛੁੱਟੀ ਤਾਂ ਹੋ ਗਈ ਕੈਂਸਲ, ਇਹਨੂੰ ਕਿੱਥੋਂ ਮਿਲ ਗਈ ਛੁੱਟੀ। ਬੀਰ ਤੈਨੂੰ ਮੈਂ ਕੀ ਆਖਾਂ ਤੈਨੂੰ ਬੀਰ ਕਹਿੰਦਿਆਂ ਮੇਰੀ ਜੀਭ ਵਢੀਂਦੀ ਏ। ਮੈਂ ਮਰ ਕਿਉਂ ਨਾ ਗਿਆ ਤੇਰੇ ਆਉਣ ਤੋਂ ਪਹਿਲਾਂ।

ਰਾਮੋ : ਚਲ ਤੇਰਾ ਵੀਰ ਐ ਛੋਟਾ, ਆਪਣੇ ਘਰੇ ਈ ਤਾਂ ਆਇਐ... ਤੂੰ ਹੁਣ ਦਿਲ ਛੋਟਾ ਨਾ ਕਰ...

ਬਲਵੰਤ : ਮਾਂ ਤੂੰ? ਤੂੰ ਵੀ ਇਹ ਆਖਦੀ ਏਂ? ਕੌਮ ਤੋਂ ਕੁਰਬਾਨ ਹੋ ਜਾਣ ਵਾਲੇ ਸਿੰਘ ਸਰਦਾਰ ਦੀ ਪਤਨੀ ਵੀ ਇਹ ਗੱਲ ਆਖਦੀ ਏ। ਇਹ ਕਾਇਰਤਾ ਕਿਉਂ ਮਾਂ? ਤੂੰ ਤਾਂ ਮੈਨੂੰ ਆਪਣੇ ਹੱਥੀਂ ਤੋਰਿਆ ਸੀ। ਯਾਦ ਏ ਮਾਂ ਕੀ ਆਖਿਆ ਸੀ... ਬਲਵੰਤ ਬੇਟੇ ਗੋਲੀ ਤੇਰੀ ਪਿੱਠ ਤੇ ਨਹੀਂ ਛਾਤੀ 'ਚ ਲੱਗੀ ਹੋਣੀ ਚਾਹੀਦੀ ਏ।

ਰਾਮੋ : ਕੀ ਖੱਟਿਐ ਮੈਂ? ਕੀ ਦਿੱਤੈ ਮੈਨੂੰ ਕੌਮ ਨੇ ਸਾਰੀ ਉਮਰ ਤਸੀਹੇ ਝਲਦਿਆਂ ਲੰਘਾਈ ਐ। ਪੁੱਤ! ਮੇਰੇ 'ਚ ਨੀ ਹੁਣ ਹਿੰਮਤ, ਛੱਡ ਇਸ ਗੱਲ ਨੂੰ। ਦੋਵੇਂ ਭਰਾ ਆਵਦੇ ਘਰ ਬੈਠੋ ਬਸ ਮੈਂ ਹੁਣ ਏਹੋ ਚਾਹੁੰਦੀ ਆਂ। ਰੱਬ ਦਾ ਦਿੱਤਾ ਬਥੇਰਾ ਕੁੱਝ ਐ।

ਬਲਵੰਤ : ਬਥੇਰਾ ਕੁੱਝ ਐ? ਕੁਰਬਾਨੀਆਂ ਕਰਨ ਵਾਲੇ ਕੁਰਬਾਨੀਆਂ ਗਿਣਦੇ ਨਹੀਂ ਮਾਂ... ਤੇ ਪੰਜਾਬ ਦੀਆਂ ਤਾਂ ਰੀਤਾਂ ਹੈਣ ਈ ਅਨੋਖੀਆਂ। ਅਸੀਂ ਨਹੀਂ ਇਹ ਰੀਤਾਂ ਤੋੜਨੀਆਂ, ਅਸੀਂ ਨਹੀਂ ਇਹ ਕਲੰਕ ਖੱਟਣਾ, ਅਸੀਂ ਨਹੀਂ ਇਹ ਲਾਜ ਲੁਆਉਣੀ।

ਰਾਮੋ : ਸਾਨੂੰ ਈ ਲਾਜ ਬਹੁਤੀ ਲੱਗਦੀ ਐ, ਮੈਂ ਨਹੀਂ ਬਲਦੀ

ਅੱਗ ਵਿਚ ਝੋਕਦੀ ਆਵਦੀਆਂ ਆਂਦਰਾਂ ਨੂੰ। ਜਾਣ ਦੇ ਬਲਵੰਤ ਮੈਂ ਅੱਗੇ ਈ ਬਥੇਰੀ ਔਖੀ ਆਂ।

ਬਲਵੰਤ : ਐਥੇ ਇਹ ਕਿਹੜੇ ਕਿਲ੍ਹੇ 'ਚ ਆ ਗਿਆ ਐ ਮਾਂ? ਤੂੰ ਵੇਖ ਨਹੀਂ ਲਿਆ ਪਿਛਲੇ ਸਾਲ? ਲੜਾਈ ਹੁਣ ਮੋਰਚਿਆਂ ਤੇ ਈ ਨਹੀਂ ਹਰ ਥਾਂ, ਹਰ ਘਰ 'ਚ ਹੋ ਸਕਦੀ ਐ। ਪਿਛਲੇ ਹੀ ਸਾਲ ਆਪਣੇ ਕਮਾਦ 'ਚ ਦੁਸ਼ਮਣ ਆ ਬੈਠਾ ਸੀ। ਨਾਲੇ ਸੰਤੇ ਦਾ ਘਰ ਤਾਂ ਤੇਰੇ ਸਾਹਮਣੇ ਈ ਸੜਿਆ ਸੀ ਨਾ ਬੰਬਾਂ ਨਾਲ, ਜੇ ਸਿਪਾਹੀ ਮੋਰਚਿਆਂ ਤੋਂ ਭੱਜ ਆਉਣ ਤਾਂ ਦੁਸ਼ਮਣ ਪਿੱਛੇ ਨਹੀਂ ਮੁੜ ਜਾਂਦੇ ਸਗੋਂ ਤੁਹਾਡੇ ਘਰਾਂ, ਤੁਹਾਡੀਆਂ ਪੈਲੀਆਂ ਸਭ ਲਤਾੜ ਕੇ ਅੱਗੇ ਵੱਧਦੇ ਆਉਂਦੇ ਆ।

ਰਾਮੋ : ਵੇਖੀ ਜਾਊਗੀ ਤੂੰ ਐਵੇਂ ਇਕ ਗੱਲ ਦੇ ਮਗਰ ਈ ਪੈ ਜਾਂਦਾ ਐਂ। ਦੋਵੇਂ ਵੀਰ ਬੈਠ ਕੇ ਕਬੀਲਦਾਰੀ ਦੀ ਕੋਈ ਗੱਲ ਕਰੋ ਕੋਈ ਦੁੱਖ-ਸੁੱਖ ਫੋਲੋ। ਬੈਠ ਪੁੱਤ... ਬੈਠ ਬੀਰ ਕੋਲ... ਤੁਸੀਂ ਕਰੋ ਗੱਲਾਂ।

ਬੀਰ ਸਿੰਘ : ਬਾਈ ਤੂੰ ਮੈਨੂੰ ਭਾਵੇਂ ਜੋ ਮਰਜ਼ੀ ਆਖ ਪਰ ਜੇ ਤੂੰ ਦੋ ਮਿੰਟ ਪਹਿਲੋਂ ਆਉਂਦਾ ਤਾਂ ਆਪ ਸੁਣ ਲੈਂਦਾ ਕਿ ਇਹ ਦੁਨੀਆਂ ਕੁਰਬਾਨੀਆਂ ਦਾ ਕੀ ਸਿਲਾ ਦੇਂਦੀ ਹੈ।

ਬਲਵੰਤ : ਮੈਨੂੰ ਨਹੀਂ ਲੋੜ ਇਨ੍ਹਾਂ ਸਿਲਿਆਂ ਦੀ, ਤੂੰ ਹੀ ਸਾਂਭ ਇਨ੍ਹਾਂ ਨੂੰ।

(**ਭਾਗ ਸਿੰਘ** ਤੇ ਨੰਬਰਦਾਰ ਅੰਦਰ ਆਉਂਦੇ ਹਨ...

ਫਤਿਹ ਬੁਲਾਕੇ ਬੈਠ ਜਾਂਦੇ ਹਨ... ਬੀਰ ਅੰਦਰ ਜਾਂਦਾ ਹੈ...)

ਨੰਬਰਦਾਰ : ਇਹੋ ਐ ਕਾਕਾ ਭਾਗ ਸਿਆਂ, ਬੜਾ ਬੀਬਾ ਐ...

ਮਜਾਲ ਐ ਕਦੀ ਉੱਚਾ ਬੋਲਦਾ ਹੋਵੇ ਜਾਂ ਉੱਚੀ ਅੱਖ ਚੁੱਕ ਵੇਖਦਾ ਹੋਵੇ।

ਭਾਗ ਸਿੰਘ : ਠੀਕ ਐ ਤੁਸੀਂ ਕੋਈ ਗਲਤ ਗੱਲ ਥੋੜ੍ਹਾ ਕਰਨੀ ਸੀ ਮੇਰੇ ਨਾਲ।

ਨੰਬਰਦਾਰ : ਮੈਂ ਬਲਵੰਤ ਸਿਆਂ ਅੱਗੇ ਵੀ ਦੋ ਵਾਰ ਆ ਚੁੱਕਿਆਂ, ਲੈ ਹੁਣ ਕਰੋ ਗੱਲ।

ਬਲਵੰਤ : ਮੈਂ ਕੀ ਗੱਲ ਕਰਨੀ ਐ ਚਾਚਾ, ਮਾਂ ਬੈਠੀ ਐ ਸਾਡੀ ਵੱਡੀ ਜਾਂ ਬੀਰ ਕੋਲੋਂ ਪੁੱਛ ਲਉ।

ਨੰਬਰਦਾਰ : ਉਹ ਤੇ ਠੀਕ ਐ ਪਰ ਗੱਲ ਤਾਂ ਤੇਰੇ ਕੀਤਿਆਂ ਈ ਸਿਰੇ ਚੜ੍ਹਨੀ ਐ ਨਾ।

ਬਲਵੰਤ : ਨਹੀਂ ਚਾਚਾ, ਉਹ ਗੱਲ ਨਹੀਂ ਰਹੀ ਹੁਣ, ਨਾ ਬੀਰ ਬੀਰ ਰਿਹਾ ਐ ਤੇ ਨਾ ਬਲਵੰਤ ਬਲਵੰਤ।

ਨੰਬਰਦਾਰ : ਕਿਹੋ ਜਿਹੀਆਂ ਗੱਲਾਂ ਕਰਦਾ ਐਂ ਅੱਜ ਤੂੰ? ਮੈਨੂੰ ਤੇਰੀਆਂ ਗਿਆਨ ਧਿਆਨ ਦੀਆਂ ਗੱਲਾਂ ਦੀ ਕੋਈ ਸਮਝ ਨਹੀਂ ਆਉਂਦੀ। ਸੱਚੀ ਗੱਲ ਐ, ਤੂੰ ਆਪ ਮੇਰੇ ਨਾਲ ਗੱਲ ਪੱਕੀ ਕੀਤੀ ਐ। ਹੁਣ ਤੂੰ ਮੈਨੂੰ ਵੱਢਣ ਨੂੰ ਆਉਂਦੈਂ... ਮੈਂ ਗੱਲ ਕਰਨਾ ਖਰੀ।

ਬਲਵੰਤ : ਨਹੀਂ ਚਾਚਾ ਇਹ ਗੱਲ ਨਹੀਂ, ਜੇ ਸੱਚੀਂ ਪੁਛਦਾ ਐਂ ਤਾਂ ਗੱਲ ਇਹ ਐ ਬਈ ਬੀਰ ਜੰਗ ਦਾ ਨਾਂ ਸੁਣ ਕੇ ਫੌਜ 'ਚੋਂ ਭੱਜ ਆਇਐ, ਕਾਇਰ ਬਣ ਗਿਆ ਏ। ਹੁਣ ਤੂੰ ਹੀ ਦੱਸ ਕਿ ਮੈਂ ਇਹਦੇ ਵਿਆਹ ਦੀ ਗੱਲ ਕਰਾਂ ਕਿ ਇਹਨੂੰ ਪੁਲਸ ਦੇ ਹਵਾਲੇ ਕਰਨ ਦੀ।

ਭਾਗ ਸਿੰਘ : ਨੱਸ ਆਇਆ?

ਨੰਬਰਦਾਰ : ਲੈ ਬਈ, ਪੱਟਿਆ ਪਹਾੜ ਤੇ ਨਿਕਲਿਆ ਚੂਹਾ ਉਹ ਵੀ ਮਰਿਆ ਹੋਇਆ, ਓਏ ਪੁਲਸ ਵਾਲੇ ਬੀਰ ਨੂੰ ਹੱਥ

ਤਾਂ ਲਾ ਕੇ ਵੇਖਣ। ਜੇ ਤੇਰਾ ਵੱਸ ਨਹੀਂ ਚਲਦਾ ਤਾਂ ਮੇਰੀ ਬੋਤਲ ਤਾਂ ਚਲਦੀ ਐ। ਮੈਂ ਆਪੇ ਸਾਂਭ ਲਊਂ ਜਿਹੜਾ ਆਊ, ਤੂੰ ਅਗਲੀ ਗੱਲ ਕਰ। ਮੈਂ ਤਾਂ ਸਾਰੀ ਗੱਲ ਮਿੱਥ ਲਈ ਐ ਸਰਦਾਰ ਹੋਰਾਂ ਨਾਲ।

ਬਲਵੰਤ : ਮੈਂ ਬਹੁਤ ਸ਼ਰਮਿੰਦਾਂ ਚਾਚਾ?

ਨੰਬਰਦਾਰ : ਸ਼ਰਮਿੰਦਾ ਐਂ? ਹੁਣ ਸਮਝ ਆਈ ਮੈਨੂੰ ਜਦੋਂ ਮੈਂ ਪਹਿਲਾਂ ਆਇਆ ਸੀ ਤਾਂ ਭਾਬੀ ਵੀ ਹੋਰ ਈ ਗੱਲਾਂ ਕਰਦੀ ਸੀ। ਆਦਮੀ ਦੀ ਜ਼ੁਬਾਨ ਹੁੰਦੀ ਐ ਬਲਵੰਤ, ਤੇਰੀ ਹੁਣ ਨੀਤ ਬਦਲ ਗਈ ਐ।

ਬਲਵੰਤ : ਮੇਰੀ ਨੀਤ?

ਨੰਬਰਦਾਰ : ਤੁਸੀਂ ਮਾਂ ਪੁੱਤਾਂ ਨੇ ਰਲ ਕੇ ਕਹਾਣੀ ਬਣਾ ਲਈ ਐ ਕੋਈ ਗੱਲ ਨਹੀਂ, ਮੇਰੀ ਬੇਜ਼ਤੀ ਤੁਸੀਂ ਕੀਤੀ ਐ ਘਰ ਬੁਲਾ ਕੇ ਪਰ ਮੈਂ ਵੀ... ਚਲ ਭਾਗ ਸਿਆਂ ਚੱਲੀਏ, ਅੱਜ-ਕੱਲ੍ਹ ਜ਼ਮਾਨਾ ਈ ਇਹੋ ਜਿਹਾ ਹੈ ਜਿਸ ਦਾ ਭਲਾ ਸੋਚੀਏ ਉਹੀ ਦੁਸ਼ਮਣ ਬਣ ਬਹਿੰਦਾ ਐ।

ਭਾਗ ਸਿੰਘ : ਤਹੱਮਲ ਨਾਲ ਗੱਲ ਕਰੋ ਕੋਈ, ਮੈਨੂੰ ਸਮਝ ਨਹੀਂ ਲਗਦੀ ਕੁੱਝ....

ਨੰਬਰਦਾਰ : ਕੋਈ ਆਦਮੀ ਹੋਵੇ ਤਾਂ ਤੇ ਗੱਲ ਕਰਾਂ, ਇਹਦੇ ਨਾਲ ਹੁਣ ਕੀ ਗੱਲ ਕਰੀਏ।

ਬਲਵੰਤ : ਚਾਚਾ ਕਿਉਂ ਕੌੜੇ ਤੁੰਮੇ ਤੋੜਦਾ ਐਂ, ਐਵੇਂ ਮੇਰੇ ਜ਼ਖਮਾਂ ਤੇ ਨੂਣ ਛਿੜਕਦੈਂ, ਤੂੰ ਯਾਦ ਕਰ ਗੁਰੂ ਗੋਬਿੰਦ ਸਿੰਘ ਦੀ ਕਹਾਣੀ ਜਦ ਜੁਝਾਰ ਸਿੰਘ ਲੜਦਾ ਲੜਦਾ ਪਾਣੀ ਪੀਣ ਵਾਪਸ ਗਿਆ ਸੀ ਮੁੜ ਕੇ। ਪਤਾ ਈ ਕੀ ਆਖਿਆ ਸੀ ਗੁਰਾਂ ਨੇ, ਪਾਣੀ ਤਾਂ ਅਜੀਤ ਸਿੰਘ ਤੇਰੇ ਵੱਡੇ ਭਰਾ ਕੋਲੋਂ ਈ ਮਿਲੇਗਾ ਪੁੱਤਰ... ਇਤਿਹਾਸ ਗੁਆਹ ਏ ਚਾਚਾ, ਜੁਝਾਰ ਉਨ੍ਹੀ ਪੈਰੀਂ ਪਰਤ ਗਿਆ

ਤੇ ਵੈਰੀਆਂ ਨਾਲ ਜੂਝਦਾ ਹੋਇਆ ਸ਼ਹੀਦੀ ਪਾ ਗਿਆ। ਅੱਜ ਗੁਰਾਂ ਦਾ ਕੋਈ ਨਾਂ ਨਾ ਲੈਂਦਾ ਜੇ ਉਹ ਆਪਣੇ ਪੁੱਤ ਨੂੰ ਬਚਾ ਕੇ ਹੋਰ ਸਿੰਘਾਂ ਨੂੰ ਹੀ ਵੈਰੀਆਂ ਅੱਗੇ ਧਕਦੇ ਰਹਿੰਦੇ।

ਨੰਬਰਦਾਰ : ਕਿੱਥੇ ਗੁਰੂ ਸਾਹਿਬ ਤੇ ਕਿੱਥੇ ਅਸੀਂ?

ਬਲਵੰਤ : ਤੇ ਆਹ ਤਾਂ ਪਿਛਲੇ ਸਾਲ ਦੀ ਗੱਲ ਐ ਜਦੋਂ ਸਾਡੇ ਜਵਾਨਾਂ ਨੇ ਕੌਮ ਦੀ ਅਣਖ ਬਚਾਉਣ ਖਾਤਰ ਆਪਣੀਆਂ ਛਾਤੀਆਂ ਪੱਥਰਾਂ ਵਾਂਗ ਟੈਂਕਾਂ ਅੱਗੇ ਡਾਹ ਦਿੱਤੀਆਂ ਸਨ। ਚਾਚਾ ਹਿਮਾਲਾ ਦੇ ਚਿੱਟੇ ਧੌਲੇ ਪੈਰਾਂ 'ਚ ਰੋਲ ਦੇਣੇ ਸਨ ਜੇ ਕਿਤੇ ਸਾਡੇ ਸਿਪਾਹੀ ਪਿੱਠ ਫੇਰ ਜਾਂਦੇ। ਸ਼ਰਮ ਆਉਂਦੀ ਹੈ ਮੈਨੂੰ ਕਿ ਮੈਂ ਇਕ ਐਸੇ ਕਾਇਰ ਦਾ ਭਰਾ ਹਾਂ ਜਿਸ ਨੇ ਆਪਣੀ ਕੌਮ ਨਾਲ ਧੋਖਾ ਕੀਤੈ। ਤੂੰ ਮੇਰੇ ਤੇ ਜੋ ਤੁਹਮਤ ਲਾਉਣੀ ਐ ਲਾ ਲੈ ਚਾਚਾ ਪਰ ਮੈਂ ਇਕ ਸਿਪਾਹੀ ਆਂ, ਸਿਪਾਹੀ ਦਾ ਪੁੱਤ ਵੀ... ਮੈਥੋਂ ਇਹ ਗੀਧੀ-ਪੁਣਾ ਨਹੀਂ ਝੱਲਿਆ ਜਾਂਦਾ।

ਨੰਬਰਦਾਰ : ਮੈਂ ਕੌਣ ਆਂ ਤੁਹਮਤਾਂ ਲੌਣ ਆਲਾ ਭਾਈ।

ਭਾਗ ਸਿੰਘ : ਤੁਸੀਂ ਤਾਂ ਕਹਿੰਦੇ ਸਾਓ ਇਹ ਘਰ ਬਹੁਤ ਚੰਗਾ ਐ?

ਨੰਬਰਦਾਰ : ਕਹਿੰਦਾ ਤਾਂ ਸਾਂ, ਘਰ ਤਾਂ ਹੁਣ ਵੀ ਉਹੋ ਈ ਐ ਪਰ ਘਰ ਵਾਲੇ ਉਹ ਨਹੀਂ ਰਹੇ।

ਭਾਗ ਸਿੰਘ : ਹੁਣ ਕੀ ਹੋ ਗਿਐ?

ਨੰਬਰਦਾਰ : ਲੈ ਅਜੇ ਤੈਨੂੰ ਪਤਾ ਈ ਨੀ ਲੱਗਿਆ ਕੀ ਹੋ ਗਿਐ?

ਭਾਗ ਸਿੰਘ : ਕੁੱਝ ਵੀ ਹੋਵੇ ਆਪਾਂ ਖਾਲੀ ਨਹੀਂ ਮੁੜਨਾ ਮੂੰਹੋਂ ਕੱਢੀ ਗੱਲ ਪੂਰੀ ਕਰਨੀ ਐ।

ਨੰਬਰਦਾਰ : ਲੈ ਉਹ ਕਹਿੰਦੈ ਹੱਟੀ ਨਾ ਚੜ੍ਹ, ਇਹ ਕਹਿੰਦੈ ਪੂਰਾ ਤੋਲ।

ਭਾਗ ਸਿੰਘ : ਮੈਂ ਤਾਂ ਆਪਣਾ ਫੈਸਲਾ ਕਰ ਲਿਐ।

ਨੰਬਰਦਾਰ : ਉਹ ਕੀ?

ਭਾਗ ਸਿੰਘ : ਆਪਾਂ ਸ਼ਗਨ ਬਲਵੰਤ ਨੂੰ ਈ ਦੇ ਦਿਆਂਗੇ।

ਨੰਬਰਦਾਰ : ਓਏ ਤੇਰਾ ਡਮਾਕ ਤਾਂ ਠੀਕ ਐ? ਤੇਰੀ ਮੱਤ ਮਾਰੀ ਗਈ ਐ.. ਉਹ ਤਾਂ ਆਪ ਮੁਥਾਜ ਐ।

ਭਾਗ ਸਿੰਘ : ਮੁਥਾਜ ਐ?

ਬਲਵੰਤ : ਨਹੀਂ ਸਰਦਾਰ ਜੀ ਨਹੀਂ..ਮੈਂ ਇਹ ਨਹੀਂ ਕਰ ਸਕਦਾ। ਮੈਂ ਬੀਰ ਨੂੰ ਆਪਣੇ ਬੱਚਿਆਂ ਵਾਂਗ ਪਾਲਿਆ ਐ। ਮੈਂ ਇਹ ਨਹੀਂ ਕਰ ਸਕਦਾ... ਐਵੇਂ ਮੈਨੂੰ ਹੋਰ ਸ਼ਰਮਿੰਦਾ ਨਾ ਕਰੋ। ਤੇ ਨਾਲੇ ਚਾਚਾ ਠੀਕ ਈ ਕਹਿੰਦਾ ਐ ਮੈਂ ਤਾਂ ਆਪ ਮੁਥਾਜ ਆਂ।

ਭਾਗ ਸਿੰਘ : ਮੁਥਾਜ, ਮੁਥਾਜ ਤੂੰ ਨਹੀਂ ਬਲਵੰਤ ਸਿੰਘ ਇਹ ਕਾਇਰ ਮੁਥਾਜ ਨੇ ਜਿਨ੍ਹਾਂ ਨੂੰ ਤੂੰ ਬਲ ਦੇ ਰਿਹੈਂ। ਇਹ ਅਗਿਆਨੀ ਮੁਥਾਜ ਨੇ ਜਿਨ੍ਹਾਂ ਦੀਆਂ ਅੱਖਾਂ ਤੋਂ ਤੂੰ ਪੱਟੀਆਂ ਲਾਹ ਰਿਹਾ ਏਂ। ਇਹ ਦਰਿਆਵਾਂ ਦੇ ਪਵਿੱਤਰ ਪਾਣੀ, ਇਹ ਕੱਚੀਆਂ ਹਰੀਆਂ ਪੈਲੀਆਂ, ਇਹ ਜੂਹਾਂ, ਦੇਸ਼ ਦਾ ਕਣ-ਕਣ ਮੁਥਾਜ ਹੈ ਜਿਹਦੀ ਪਵਿੱਤਰਤਾ ਤੇ ਸੁਤੰਤਰਤਾ ਦੀ ਰਾਖੀ ਲਈ ਤੂੰ ਆਪਣੀ ਜਾਨ ਦੀ ਕੁਰਬਾਨੀ ਦੇ ਰਿਹਾ ਏਂ। ਮੁਥਾਜ ਤੂੰ ਨਹੀਂ... ਇਹ ਸੁਆਰਥੀ, ਡਰਪੋਕ ਇਹ ਭਗੌੜੇ ਮੁਥਾਜ ਨੇ...

ਬਲਵੰਤ : ਨਹੀਂ ... ਨਹੀਂ, ਸਰਦਾਰ ਜੀ ਤੁਸੀਂ ਮੈਨੂੰ....

(**ਹਰਨਾਮੀ** ਅੰਦਰ ਆਉਂਦੀ ਹੈ...)

ਹਰਨਾਮੀ : ਬਲਵੰਤ ਪੁੱਤ ਇਹ ਤਾਰ ਪੜ੍ਹ ਖਾਂ।

ਬਲਵੰਤ : ਤਾਰ? ਲਿਆ ਮਾਸੀ।

(ਨੰਬਰਦਾਰ ਤਾਰ ਫੜਾਉਂਦਾ ਹੈ...)

ਨੰਬਰਦਾਰ : ਸੁੱਖ ਐ ਨਾ?

ਰਾਮੋ : ਤਾਰ... ਕੀਹਦੀ ਤਾਰ ਐ?

ਬਲਵੰਤ : ਹੈਂ! ਵਿਜੈ ਸਿੰਘ? (ਸਿਰ ਫੜ ਕੇ ਬੈਠ ਜਾਂਦਾ ਹੈ...)

ਹਰਨਾਮੀ : ਮੇਰਾ ਵਿਜੈ ਸਿੰਘ? ਬੋਲ ਪੁੱਤ ਬੋਲ, ਬੋਲਦਾ ਕਿਉਂ ਨੀ... ਮੈਨੂੰ ਪਤਾ ਲੱਗ ਗਿਆ ਐ... ਮੇਰਾ ਵਿਜੈ ਸਿੰਘ ਵਿਜੈ ਪਾ ਗਿਐ...

ਨੰਬਰਦਾਰ : ਲੈ ਵੇਖ ਲਓ ਤੁਹਾਨੂੰ ਬਹੁਤੀਆਂ ਕੁਰਬਾਨੀਆਂ ਦਾ ਚਾਅ ਚੜ੍ਹਿਆ ਐ।

ਹਰਨਾਮੀ : ਸ਼ੁਕਰ ਐ ਕਲਗੀਆਂ ਵਾਲੇ ਦਾ... ਉਹਨੂੰ ਇਹੋ ਮਨਜ਼ੂਰ ਸੀ। ਚੰਗਾ ਪੁੱਤ ਵਿਜੈ... ਤੇਰਾ ਮੇਰਾ ਏਨਾ ਈ ਸਬੰਧ ਸੀ... ਪੁੱਤਰ ਜਾਹ ਆਪਣੇ ਪਿਤਾ ਦੇ ਪਿੱਛੇ-ਪਿੱਛੇ, ਜਾਹ ਉਸ ਨੂੰ ਕਹੀਂ ਵਿਜੈ ਕਿ ਵਿਜੈ ਦੀ ਮਾਂ ਨੇ ਤੇਰੀ ਅਮਾਨਤ ਸਾਂਭ ਕੇ ਰੱਖੀ ਸੀ। ਪਾਲ ਪੋਸ ਕੇ ਫੇਰ ਤੇਰੇ ਹਵਾਲੇ ਕਰ ਦਿੱਤੀ ਐ। ਜਾਹ ਪੁੱਤਰਾ ਜਾਹ ਮੈਂ ਅੱਜ ਨ-ਪੁੱਤੀ ਨਹੀਂ ਸੱਤ-ਪੁੱਤੀ ਹੋ ਗਈ ਆਂ।

ਰਾਮੋ : ਅੱਗੇ ਹੀ ਬੇਚਾਰੀ ਨੂੰ ਦਿਸਦਾ ਨਹੀਂ ਸੀ, ਪੁੱਤ ਦੇ ਆਸਰੇ ਤੁਰੀ ਤਾਂ ਫਿਰਦੀ ਸੀ।

ਹਰਨਾਮੀ : ਇਉਂ ਨਾ ਆਖ ਭੈਣ ਸਗੋਂ ਖ਼ੁਸ਼ੀਆਂ ਮਨਾਓ ਮੇਰਾ ਲਾਲ ਵਤਨ ਦੇ ਕੰਮ ਆਇਐ। ਮਰ ਤਾਂ ਹਰੇਕ ਨੇ ਜਾਣਾ ਐ। ਉਹ ਤਾਂ ਵਤਨ ਤੇ ਬਲੀ ਦੇ ਕੇ ਸ਼ਹੀਦ ਹੋਇਐ।

ਰਾਮੋ : ਹੁਣ ਨਾ ਆਖੀਂ ਬਲਵੰਤ ਬੀਰ ਨੂੰ ਜਾਣ ਲਈ।

ਹਰਨਾਮੀ : ਹੈਂ! ਬੀਰ ਆਇਐ? ਉਸ ਨੂੰ ਜਰੂਰ ਜਾਣਾ ਚਾਹੀਦਾ ਐ।

ਰਾਮੋ : ਲੈ ਭੈਣੇਂ ਤੂੰ ਵੀ ਇਹੋ ਪੱਟੀਆਂ ਪੜ੍ਹਾਉਨੀ ਐਂ, ਤੂੰ ਤਾਂ ਦੂਜਿਆਂ ਦਾ ਸੁੱਖ ਮਨਾ।

ਹਰਨਾਮੀ : ਜੇ ਅੱਜ ਮੇਰਾ ਛੋਟਾ ਚੰਦ ਜਿਉਂਦਾ ਹੁੰਦਾ ਤਾਂ ਮੈਂ ਉਹਨੂੰ ਆਪਣੇ ਵਿਜੈ ਦਾ ਬਦਲਾ ਲੈਣ ਲਈ ਜਰੂਰ ਘੱਲਦੀ। ਪਰ ਹੁਣ ਕੀ ਹੋ ਸਕਦੈ...

ਰਾਮੋ : ਤੇਰਾ ਹੁਣ ਨਹੀਂ ਹੈ ਨਾ ਤਾਂ ਤੂੰ ਦੂਜਿਆਂ ਨੂੰ ਮੌਤ ਦੇ ਮੂੰਹ ਵਿਚ ਧੱਕਣ ਲਈ ਕਿਉਂ ਆਖਦੀ ਐਂ?

ਹਰਨਾਮੀ : ਮੇਰਾ ਕੋਈ ਹੈ ਨਹੀਂ ਨਾ... ਠੀਕ ਐ ਭੈਣ ਠੀਕ ਐ...

ਰਾਮੋ : ਨਹੀਂ ਭੈਣ ਮੇਰਾ ਇਹ ਮਤਲਬ ਨਹੀਂ ਸੀ।

ਨੰਬਰਦਾਰ : ਜਦ ਆਦਮੀ ਨੂੰ ਬਹੁਤੀ ਸੱਟ ਬੱਜ ਜਾਵੇ ਤਾਂ ਹੋਸ਼ ਨਹੀਂ ਰਹਿੰਦੀ।

ਬਲਵੰਤ : ਇਹੋ ਜਿਹੀਆਂ ਮਾਵਾਂ ਈ ਕੌਮ ਦੀ ਅਣਖ ਬਚਾਉਂਦੀਆਂ ਆਈਆਂ ਨੇ, ਇਹੋ ਜਿਹੀਆਂ ਮਾਵਾਂ ਦੇ ਪੁੱਤ ਈ ਜੰਗਾਂ ਜਿੱਤਦੇ ਆ। ਜਿਸ ਕੌਮ ਦੀਆਂ ਮਾਵਾਂ ਇਹੋ ਜਿਹੀਆਂ ਹੋਣ ਉਹ ਕੌਮਾਂ ਕਦੀ ਮਰਦੀਆਂ ਨਹੀਂ ਸਦਾ ਅਮਰ ਰਹਿੰਦੀਆਂ ਨੇ।

ਹਰਨਾਮੀ : (ਵਾਪਸ ਮੁੜਦੀ ਹੋਈ ...) ਭੈਣੇ ਤੂੰ ਤਾਂ ਆਖਦੀ ਸੀ ਨਾ ਕਿ ਆਵਦਾ ਕੋਈ ਹੈ ਨਹੀਂ ਤੇ ਦੂਜਿਆਂ ਨੂੰ ਕਿਉਂ ਮੌਤ ਦੇ ਮੂੰਹ ਵਿਚ ਭੇਜਣ ਲਈ ਕਹਿੰਦੀ ਐਂ ਪਰ ਮੈਂ ਅਜੇ ਇੰਨੀ ਕੰਗਾਲ ਨਹੀਂ ਹੋਈ।

ਬਲਵੰਤ : ਮਾਸੀ ਜੀ ਮਾਫ਼ ਕਰ ਦਿਓ, ਮੈਂ ਮਾਫ਼ੀ ਮੰਗਦਾ ਹਾਂ... ਮਾਂ ਵਲੋਂ ਵੀ ਮਾਫ਼ੀ ਮੰਗਦਾ ਹਾਂ।

ਹਰਨਾਮੀ : ਨਹੀਂ ਨਹੀਂ ਮਾਫ਼ੀ ਤਾਂ ਮੈਂ ਮੰਗਣੀ ਐ ਭੈਣ ਕੋਲੋਂ। ਮੈਂ ਉਸ ਨੂੰ ਬੀਰ ਨੂੰ ਘੱਲਣ ਲਈ ਜੁ ਕਿਹਾ ਸੀ। ਕਿਉਂਕਿ ਮੇਰਾ ਤਾਂ ਕੋਈ ਰਿਹਾ ਨੀ ਨਾ...

ਬਲਵੰਤ : ਸਭ ਤੇਰੇ ਆਂ... ਮਾਸੀ ਤੂੰ ਐਵੇਂ ਦੁਖੀ ਨਾ ਹੋ।

ਹਰਨਾਮੀ : ਲੈ ਪੁੱਤ ਜੇ ਗੱਲ ਮੂੰਹੋਂ ਕੱਢੀ ਐ ਤਾਂ ਪੂਰੀ ਕਰੀਂ। ਪੁੱਤ ਤਾਂ ਮੇਰਾ ਕੋਈ ਰਿਹਾ ਨਹੀਂ ਪਰ ਪੁੱਤ ਕੀ ਤੇ ਜੁਆਈ ਕੀ? ਜੁਆਈ ਤਾਂ ਪੁੱਤਾਂ ਨਾਲੋਂ ਵੀ ਪਿਆਰੇ ਹੁੰਦੇ ਨੇ... ਹੁਣ ਮੇਰਾ ਜੁਆਈ ਜੰਗ ਨੂੰ ਜਾਊ।

ਸਾਰੇ : (ਹੈਰਾਨ ਹੋ ਕੇ...) ਜੁਆਈ ਜੰਗ ਨੂੰ ਜਾਊ?

ਹਰਨਾਮੀ : ਲੈ ਭੈਣ ਹੁਣ ਮੇਰਾ ਕਹਿਣਾ ਨਾ ਮੋੜੀਂ ਤੂੰ ਬੀਰ ਨੂੰ ਮੇਰੀ ਜੀਤੋ ਦਾ ਸਾਕ ਲੈ ਲੈ... ਤੇਰਾ ਪੁੱਤ ਨਹੀਂ, ਹੁਣ ਮੇਰਾ ਜੁਆਈ ਜੰਗ ਨੂੰ ਜਾਊ।

ਬੀਰ : (ਬਾਹਰ ਆਉਂਦਾ ਹੋਇਆ...) ਬਾਈ! ਬਾਈ ਮੈਨੂੰ ਮਾਫ਼ ਕਰ ਦੇ ਮੈਂ ਹੁਣੇ ਇਸੇ ਵੇਲੇ ਵਾਪਸ ਜਾ ਰਿਹਾ ਹਾਂ।

ਬਲਵੰਤ : (ਜੱਫ਼ੀ ਵਿਚ ਲੈ ਕੇ...) ਮੈਨੂੰ ਤੇਰੇ ਕੋਲੋਂ ਇਹੀ ਉਮੀਦ ਸੀ।

ਭਾਗ ਸਿੰਘ : ਅਨੋਖਾ ਇਹ ਦੇਸ਼, ਅਨੋਖੇ ਇਹਦੇ ਜਾਏ ਤੇ ਅਨੋਖੀਆਂ ਇਹਦੀਆਂ ਰੀਤਾਂ...

ਬੇਬੀ : ਸਾਵਧਾਨ! ਇੱਕ-ਦੋ-ਇੱਕ, ...ਦੋ-ਇੱਕ।

...ਪਰਦਾ ਡਿੱਗਦਾ ਹੈ.....]

# ਅਕਲਾਂ ਵਾਲੇ ਵੰਡਣ ਕੁੱਖਾਂ

## ਪਾਤਰ

| | |
|---|---|
| ਵਲੀ | ਉਮਰ 33 ਕੁ ਸਾਲ |
| ਸ਼ੇਰਾ | ਉਮਰ 10 ਕੁ ਸਾਲ |
| ਚੰਨਣ | ਉਮਰ 60 ਕੁ ਸਾਲ |
| ਬਲੌਰ | ਉਮਰ 18 ਕੁ ਸਾਲ |
| ਲਾਭ | ਉਮਰ 30 ਕੁ ਸਾਲ |
| ਪਾਲ ਕੌਰ | ਉਮਰ 40 ਕੁ ਸਾਲ |
| ਤਾਬੋ | ਉਮਰ 18 ਕੁ ਸਾਲ |
| ਬੋਹੜੂ | ਉਮਰ 20 ਕੁ ਸਾਲ |
| ਪ੍ਰਭੂ | ਉਮਰ 25 ਕੁ ਸਾਲ |

## 3 ਅਕਲਾਂ ਵਾਲੇ ਵੰਡਣ ਕੁੱਖਾਂ

ਪਰਦਾ ਖੁੱਲ੍ਹਦਾ ਹੈ.....

ਖੇਤਾਂ ਦਾ ਨਜ਼ਾਰਾ ਨਜ਼ਰ ਆਉਂਦਾ ਹੈ..... ਕਈ ਫਸਲਾਂ - ਨਰਮਾ, ਕਮਾਦ, ਮੱਕੀ ਆਦਿ - ਕੱਸੀ ਦੀ ਉੱਚੀ ਚੌੜੀ ਵੱਟ (ਜਿਸ ਉਪਰ ਆਦਮੀ ਤੁਰ ਸਕਦਾ ਹੈ)...

ਸੂਰਜ ਨਿਕਲਣ ਦਾ ਸਮਾਂ ਹੈ... ਬੈਕ-ਗਰਾਉਂਡ ਵਿਚ ਬਲਦਾਂ ਦੀਆਂ ਟੱਲੀਆਂ ਦੀ ਆਵਾਜ਼ ਆਉਂਦੀ ਹੈ...

ਗੀਤ ਦੀ ਆਵਾਜ਼ ਆਉਂਦੀ ਹੈ...

ਆਵਾਜ਼ : ਸੋਈ ਗੱਲ ਚੰਗੀ ਐ ਜਿਹੜੀ ਸਤਿਗੁਰ ਨੂੰ ਭਾਵੇ...
ਪਾ ਲੈ ਤੱਤਿਆਂ ਥੰਮਾਂ ਨੂੰ ਜੱਫੀਆਂ...
ਵੇਖੂੰ ਤੇਰਾ ਰਾਮ ਰੱਖ ਲਊ -
ਵਤਨਾਂ ਦੀ ਵਾ ਭੱਖ ਲੈ
ਛੱਡ ਦੇ ਵਲੈਤਾਂ ਦਾ ਖਹਿੜਾ ...

(ਫੌਜੀ ਵਰਦੀ ਵਿਚ **ਵਲੀ,** ਸਿਰੋਂ ਮੋਨਾ, ਆਪਣੇ ਆਪ ਨਾਲ ਗੱਲਾਂ ਕਰਦਾ ਹੋਇਆ ਸਟੇਜ ਤੇ ਆਉਂਦਾ ਹੈ...)

ਵਲੀ : ਓਹੀ ਮੱਕੀ, ਓਹੀ ਨਰਮਾਂ, ਓਹੀ ਕਮਾਦ, ਲਹਿ ਲਹੌਂਦੇ ਖੇਤ... ਨਰਮਾਂ ਕਿਵੇਂ ਖਿੜਿਆ ਪਿਐ, ਇਉਂ ਲਗਦੈ ਜਿਵੇਂ ਕੁਦਰਤ ਹੱਸ ਰਹੀ ਹੈ... ਉਹ ਵਣ ਉਵੇਂ ਦਾ ਉਵੇਂ ਖੜਾ ਹੈ। ਕੁਦਰਤ ਵੀ ਕੀ ਸ਼ੈ ਹੈ, ਬਦਲ ਕੇ ਵੀ ਨਹੀਂ ਬਦਲਦੀ ਪਰ ਬੰਦਾ ਕਿਵੇਂ ਬਦਲ ਜਾਂਦੈ.. ਮੈਂ ਵੀ ਬਦਲ ਗਿਆ ਹਾਂ.. ਨਹੀਂ.. ਸ਼ਾਇਦ...

(**ਸ਼ੇਰਾ,** ਹੱਥ ਵਿਚ ਚਾਹ ਵਾਲਾ ਡੋਲੂ ਲਈ ਆਉਂਦਾ ਹੈ...)

ਵਲੀ : ਕੀ ਨਾਂ ਐ ਤੇਰਾ ਬਾਈ?

ਸ਼ੇਰਾ : (ਰੁਕਦੇ ਹੋਏ...) ਸ਼ੇਰਾ...

ਵਲੀ : (ਚੌਂਕ ਕੇ...) ਸ਼ੇਰਾ... ਸ਼ੇਰੂ ਵੀ ਕਹਿ ਦਿੰਦੇ ਹੋਣੇ ਨੇ?

ਸ਼ੇਰਾ : ਸ਼ੇਰਾ, ਸ਼ੇਰ ਸਿਹੁੰ।

ਵਲੀ : (ਸੰਭਲ ਕੇ...) ਵਾਹ ਬਈ ਵਾਹ, ਤੂੰ ਤਾਂ ਵਾਕਈ ਸ਼ੇਰ ਹੈਂ... ਕੀ ਹੈ ਤੇਰੇ ਡੋਲ ਵਿਚ?

ਸ਼ੇਰਾ : ਚਾਹ ਐ, ਜਿਹੜੇ ਪਾਣੀ ਲੌਂਦੇ ਆ ਉਹਨਾਂ ਲਈ ਲੈ ਕੇ ਜਾ ਰਿਹਾਂ।

ਵਲੀ : ਕੌਣ ਐ ਪਾਣੀ ਲੌਂਦੇ?

ਸ਼ੇਰਾ : ਮੇਰਾ ਬਾਈ ਤੇ ਸੀਰੀ।

ਵਲੀ : ਕੀ ਨਾਂ ਹੈ ਤੇਰੇ ਬਾਈ ਦਾ?

ਸ਼ੇਰਾ : ਪਰਤਾਪ ਸਿਹੁੰ।

ਵਲੀ : ਥੋੜੀ ਮੈਨੂੰ ਵੀ ਪਿਆ ਦੇ।

ਸ਼ੇਰਾ : ਪੀ ਲੈ (ਡੋਲੂ ਰੱਖ ਦਿੰਦਾ ਹੈ...)

ਵਲੀ : ਜਿਉਂਦਾ ਰਹੁ ਬਰਖ਼ੁਰਦਾਰ, ਉਮਰ ਦਰਾਜ਼ ਹੋਵੇ, ਪੀਤੀ ਤੋਂ ਵੀ ਵੱਧ ਹੋ ਗਈ।

ਸ਼ੇਰਾ : ਐਵੇਂ ਈ ਬੱਸ, ਪੀ ਲੈ।

ਵਲੀ : ਨਹੀਂ ਨਹੀਂ ਮੈਂ ਤਾਂ ਹਸਦਾ ਸਾਂ, ਜਾਹ ਜਲਦੀ ਜਾਹ ਠੰਡੀ ਹੋ ਜਾਊਗੀ, ਮੈਂ ਤੈਨੂੰ ਐਵੇਂ ਰੋਕ ਲਿਆ।

(ਸ਼ੇਰਾ ਚਲਾ ਜਾਂਦਾ ਹੈ...
ਵਲੀ ਕੱਸੀ ਦੀ ਵੱਟ ਤੇ ਬੈਠਦਾ ਹੈ...)

ਵੱਕਤ ਗੁਜ਼ਰਦਿਆਂ ਕਿਹੜੀ ਦੇਰ ਲੱਗਦੀ ਐ। ਬਾਈ ਸਾਲ, ਜਿਵੇਂ ਕੱਲ੍ਹ ਦੀ ਗੱਲ ਹੋਵੇ, ਓਦੋਂ ਮੈਂ ਇਸ ਮੁੰਡੇ

ਵਰਗਾ ਸੀ ਇਹ ਏਸ ਪਿੰਡ ਦਾ ਤੇ ਮੈਂ ਵੀ ਇਸੇ ਪਿੰਡ ਦਾ। ਨਹੀਂ-ਨਹੀਂ, ਇਸ ਪਿੰਡ ਨਾਲ ਮੇਰਾ ਕੀ ਰਿਸ਼ਤੈ... ਪਰ ਜੇ ਰਿਸ਼ਤਾ ਨਹੀਂ ਤਾਂ ਮੈਂ ਏਥੇ ਕਿਉਂ ਆਇਆ ਹਾਂ? ਕਿਉਂ ਮੈਂ ਖਿਚਿਆ ਜਾ ਰਿਹਾਂ ਇਹਨਾਂ ਖੇਤਾਂ ਵੱਲ, ਇਹ ਧੂ ਜੇਹੀ ਕੀ ਪੈਂਦੀ ਹੈ ਮੇਰੇ ਮਨ ਵਿਚ? ਮੈਨੂੰ ਏਥੋਂ ਚਲੇ ਜਾਣਾ ਚਾਹੀਦੈ (ਕੱਸੀ 'ਚੋਂ ਪਾਣੀ ਪੀਂਦਾ ਹੈ...) ਬਾਈ ਸਾਲ ਪਿੱਛੋਂ ਮੈਂ ਇਸ ਕੱਸੀ 'ਚੋਂ ਪਾਣੀ ਪੀਤੈ ਪਰ ਕੱਸੀ ਵਿਚਾਰੀ ਨੂੰ ਕੀ ਪਤੈ ਮੈਂ ਕੌਣ ਹਾਂ।

(**ਚੰਨਣ ਸਿੰਘ**, ਨਜ਼ਰ ਕੁਝ ਕਮਜ਼ੋਰ, ਸਾਫ਼ ਕਪੜੇ ਪਾਈ ਆਉਂਦਾ ਹੈ...)

ਚੰਨਣ : ਕਿਹੜਾ ਐ ਬਈ ਸ਼ੇਰਾ?

ਵਲੀ : (ਘਬਰਾ ਕੇ...) ਸ਼ੇਰਾ? ਸ਼ੇਰਾ ਤਾਂ ਅੰਧਰ ਨੂੰ ਚਲਿਆ ਗਿਆ ਬਾਬਾ।

ਚੰਨਣ : ਮੈਂ ਤਾਂ ਤੈਨੂੰ ਈ ਪੁੱਛਦਾਂ ਸ਼ੇਰਾ, ਤੂੰ ਸ਼ੇਰੇ ਨਾਲ ਆਇਐਂ, ਕਿਹੜਾ ਐਂ ਮੈਂ ਪਛਾਣਿਆ ਨਹੀਂ।

ਵਲੀ : ਨਹੀਂ ਬਾਬਾ ਮੈਂ ਸ਼ੇਰੇ ਨਾਲ ਨਹੀਂ ਆਇਆ, ਮੈਂ ਤਾਂ ਏਥੇ ਬੈਠਾ ਸਾਂ, ਉਹ ਕਾਕਾ ਏਥੋਂ ਦੀ ਲੰਘਿਆ ਜਾਂਦਾ ਸੀ। ਮੈਂ ਹਾਸੇ-ਹਾਸੇ ਵਿਚ ਉਹਦਾ ਨਾਂ ਪੁੱਛਿਆ ਸੀ।

ਚੰਨਣ : ਅੱਛਾ-ਅੱਛਾ (ਗੌਰ ਨਾਲ ਦੇਖ ਕੇ...) ਤੂੰ ਤਾਂ ਮੈਨੂੰ ਫੌਜੀ ਦਿਸਦੈਂ, ਕਿਨ੍ਹਾਂ ਦੇ ਆਇਐਂ ਸ਼ੇਰਾ?

ਵਲੀ : ਮੈਂ ਕਿਸੇ ਦੇ ਨਹੀਂ ਆਇਆ ਬਾਬਾ, ਐਵੇਂ ਜਾਂਦਾ ਜਾਂਦਾ ਏਥੇ ਬੈਠ ਗਿਆ ਸਾਂ।

ਚੰਨਣ : ਜਾਂਦਾ ਜਾਂਦਾ ਬੈਠ ਗਿਆ ਸੀ! ਅੱਗੇ ਕਿੱਥੇ ਪਹੁੰਚਣੈਂ?

ਵਲੀ : ਕਿੱਥੇ ਦੱਸਾਂ ਬਾਬਾ? ਕੀ ਪਤਾ ਕਿੱਥੇ ਪਹੁੰਚਾਂਗਾ, ਕਿਤੇ ਪਹੁੰਚਾਂਗਾ ਵੀ ਕਿ ਨਹੀਂ।

ਚੰਨਣ : ਕਿਉਂ ਐਸੀ ਕੀ ਗੱਲ ਐ, ਕਿਤੇ ਲੜਾਈ ਤੋਂ ਡਰ ਕੇ ਭਗੌੜਾ ਤਾਂ ਨਹੀਂ ਹੋ ਗਿਆ? ਸਾਡੇ ਐਥੇ ਇੱਕ ਮੁੰਡਾ ਸੁਨਿਆਰਾਂ ਦਾ ਭੱਜ ਕੇ ਆ ਗਿਆ ਸੀ। ਜੁਆਨਾ! ਅਸੀਂ ਪਾਈ ਉਸ ਨੂੰ ਲਾਹਨਤ ਕਿ ਓਏ ਕਾਇਰਾ ਭੁੱਲ ਗਿਐਂ ਦੇਸ਼ ਦੇ ਸ਼ਹੀਦਾਂ ਨੂੰ ਜਿਹੜੇ ਸਾਨੂੰ ਆਜ਼ਾਦ ਕਰੌਣ ਲਈ ਫਾਹੀਆਂ ਤੇ ਚੜ੍ਹੇ, ਜੇਲ੍ਹਾਂ 'ਚ ਸੜੇ ਤੇ ਗੋਲੀਆਂ ਦਾ ਨਿਸ਼ਾਨਾ ਬਣੇ। ਅੱਜ ਵੈਰੀ ਨੇ ਸਾਡੀ ਆਜਾਦੀ ਨੂੰ ਵੰਗਾਰਿਐ ਤੇ ਤੁਸੀਂ ਕਾਲੇ ਮੂੰਹ ਲੈ ਕੇ ਭੱਜ ਆਏ ਹੋ।' ਅਗਲੇ ਦਿਨ ਹੀ ਨੰਬਰਦਾਰ ਨੂੰ ਨਾਲ ਲੈ ਕੇ ਜਾ ਮਾਫ਼ੀ ਮੰਗੀ। ਆਵਦੀ ਗਲਤੀ ਮੰਨ ਲੈਣਾ ਵੀ ਬਹਾਦਰੀ ਐ। ਸ਼ੇਰਾ, ਮਰਨਾ ਇਕੋ ਵਾਰ ਹੈ ਪਰ ਆਦਮੀ ਏਸ ਤਰ੍ਹਾਂ ਮਰੇ ਬਈ ਮਰ ਕੇ ਵੀ ਜਿਊਂਦਾ ਰਹੇ।

ਵਲੀ : (ਪ੍ਰਭਾਵਤ ਹੋ ਕੇ) ਤੂੰ ਠੀਕ ਆਖਦੈਂ ਬਾਬਾ।

ਚੰਨਣ : ਸ਼ਾਵਾ ਸ਼ੇਹ ਸ਼ੇਰਾ! ਤੇਰੇ ਵਰਗੇ ਗਭਰੂਆਂ ਨੇ ਹੀ ਦੇਸ਼ ਦੇ ਰਾਖੇ ਬਣਨਾ ਹੈ। ਹਾਂ ਬਸ ਬੁਰਾ ਨਾ ਮਨਾਈਂ ਮੇਰੀ ਗੱਲ ਦਾ, ਅਸੀਂ ਆਵਦੇ ਦੇਸ਼ ਦੀ ਰਾਖੀ ਕਰਨਾ ਜਾਣਦੇ ਹਾਂ, ਜੇ ਵੈਰੀ ਦੀ ਅੱਖ ਇਧਰ ਹੋਈ ਤਾਂ ਉਹਦੀ ਅੱਖ ਕੱਢ ਦਿਆਂਗੇ ਤੇ ਜੇ ਉਹਦੀ ਉਂਗਲ ਇਧਰ ਹੋਈ ਤਾਂ ਓਹਦੀ ਬਾਂਹ ਈ ਲਾਹ ਦਿਆਂਗੇ।

(ਸ਼ੇਰਾ ਡੋਲੂ ਘੁਮਾਉਂਦਾ ਦੌੜ ਜਾਂਦਾ ਹੈ...

**ਬਲੌਰ** ਆਉਂਦਾ ਹੈ...)

ਬਲੌਰ : ਅੱਜ ਕੱਲ ਆਪਣੇ ਦੇਸ਼ ਤੇ ਭੀੜ ਪਈ ਐ। ਆਪਾਂ ਨੂੰ ਕਿਵੇਂ ਧਮਕੀਆਂ ਦਿੰਦੇ ਐ। ਤੁਸੀਂ ਇਹਨਾਂ ਨੂੰ ਸਾਬਤ ਕਰ ਦਿਓ ਅਸੀਂ ਜਦੋਂ ਵਰ੍ਹਦੇ ਆਂ ਤਾਂ ਬੰਦ ਔਖੇ ਈ ਹੁੰਦੇ ਆਂ...

(ਕਹੀ ਚੁੱਕੀ ਵੱਟ ਤੇ ਤੁਰ ਜਾਂਦਾ ਹੈ...)

ਵਲੀ : (ਆਪਣੇ ਆਪ ਨਾਲ...) ਜਿਸ ਦੇਸ਼ ਦੇ ਬਜ਼ੁਰਗ ਇਹੋ ਜਹਿ ਬੰਦੇ ਹੋਣ ਉਸ ਦੇਸ਼ ਦੀ ਮਿੱਟੀ ਵੀ ਬਰੂਦ ਬਣ ਜਾਂਦੀ ਹੈ... ਮੈਂ ਕਿਸ ਦੇਸ਼ ਦਾ ਵਾਸੀ ਹਾਂ... ਮੈਂ ਗੱਦਾਰ ਹਾਂ ਜੇ ਮੈਂ ਮਾਰਿਆ ਗਿਆ ਤਾਂ ਵੀ ਲੋਕ ਮੈਨੂੰ ਸ਼ਹੀਦ ਨਹੀਂ ਗੱਦਾਰ ਹੀ ਕਹਿਣਗੇ, ਮੈਨੂੰ ਲਾਹਨਤਾਂ ਪਾਉਣਗੇ। ਮੈਂ ਮਰਨ ਤੋਂ ਨਹੀਂ ਡਰਦਾ ਪਰ ਮੈਂ ਆਪਣਾ ਕੰਮ ਕਿਉਂ ਨਹੀਂ ਕਰ ਸਕਿਆ?

ਚੰਨਣ : ਮੈਂ ਤਾਂ ਚੱਲਦਾਂ ਭਾਈ, ਇਹ ਜੁਆਨ ਵੀ ਕਹਿੰਦਾ ਹੋਣੈ ਬੁੜ੍ਹਾ ਬੰਦ ਈ ਨਹੀਂ ਹੁੰਦਾ (ਜਾਂਦਾ ਹੈ...)

ਵਲੀ : (ਆਪਣੇ ਆਪ ਨਾਲ...) ਕੀ ਹੋ ਗਿਐ ਮੈਨੂੰ... ਕਿਉਂ ਮੈਂ ਨਿਘਰਦਾ ਜਾਂਦਾਂ?

ਬਲੌਰ : (ਵਲੀ ਨੂੰ ਛੇੜਦਾ ਹੋਇਆ...) ਮੈਨੂੰ ਸਾਹਿਬ ਛੁੱਟੀ ਨਹੀਂ ਦਿੰਦਾ, ਨਿੰਬੂਆਂ ਨੂੰ ਵਾੜ ਕਰ ਲੈ।

ਵਲੀ : ਮਖੌਲ ਕਰਦੈਂ ਜੁਆਨਾ, ਖੁਸ਼ ਰਹਿ, ਰੱਬ ਤੈਨੂੰ ਰਾਜ਼ੀ ਰੱਖੇ।

ਬਲੌਰ : ਓ ਭਰਾਵਾ ਹਾਸਾ ਖੇਡਾ ਈ ਰਹਿ ਜਾਣੈ, ਹੋਰ ਕੀ ਲੈ ਜਾਣੈ ਦੁਨੀਆਂ ਚੋਂ, ਤੂੰ ਗੱਡੀ ਤੋਂ ਉੱਤਰ ਕੇ ਆਇਐਂ ਕਿ ਜਾ ਰਿਹੈਂ ਗੱਡੀ ਨੂੰ? ਓਹ! ਕਿਆਰਾ ਤਾਂ ਭਰ ਗਿਆ ਹੋਣੈਂ ਮੈਂ ਅਗਲਾ ਮੂੰਹਾਂ ਵਢਣੈ...

(ਦੌੜ ਕੇ ਜਾਂਦਾ ਹੈ...)

ਵਲੀ : (ਆਪਣੇ ਆਪ ਨਾਲ...) ਬਜ਼ੁਰਗ ਠੀਕ ਈ ਕਹਿੰਦਾ ਸੀ ਮਰਨਾ ਤੇ ਇਕ ਵੇਰ ਈ ਹੈ। ਫਿਰ ਇਕ ਵੇਰ ਹੀ ਮਰਾਂ.. ਪਰ ਕਿਸ ਤਰ੍ਹਾਂ ਮਰਾਂ... ਜੇ ਮੈਂ ਆਪਣਾ ਕੰਮ ਨਾ ਕੀਤਾ ਤਾਂ ਆਪਣੇ ਵਤਨ ਨਾਲ ਗੱਦਾਰੀ ਹੋਵੇਗੀ। ਮੇਰੇ ਮੂੰਹ ਤੇ ਲੱਗੀ ਇਹ ਕਾਲਖ ਕਦੀ ਨਾ ਧੁਲੇਗੀ... ਵਤਨ... ਕਿਹੜਾ ਵਤਨ? ਮੇਰਾ ਵਤਨ...

(ਅੱਗੇ ਨੂੰ ਤੁਰ ਜਾਂਦਾ ਹੈ...)

(**ਲਾਭ** ਆਉਂਦਾ ਹੈ...)

ਲਾਭ : (ਬਲੌਰ ਨੂੰ...) ਕਿਉਂ ਬਈ ਕਦੋਂ ਕੁ ਦਿਉਂਗੇ ਪਾਣੀ ਸਾਨੂੰ... ਲੱਗ ਜੂ ਸਾਰੀ।

ਬਲੌਰ : ਕੁਸ਼ ਰਹਿ ਜਾਊ ਚਾਚਾ, ਜਦੋਂ ਕਹੋਂਗੇ ਦੇ ਦਿਆਂਗੇ ਵਾਰੀ ਤਾਂ, ਸਾਡੀ 9 ਵਜੇ ਤਾਈਂ ਹੈਗੀ।

ਲਾਭ : ਚੰਗਾ ਫੇਰ ਰੋਟੀ ਖਾ ਕੇ ਆ ਜਾਂਦੇ ਆਂ, ਬੋਹੜੂ ਹੁਰਾਂ ਨੂੰ ਘੱਲਦਾਂ ਜਾ ਕੇ, ਮੈਂ ਤਾਂ ਆ ਨਹੀਂ ਸਕਦਾ ਤੂੰ ਵੇਖ ਲਈਂ, ਜੇ ਥੋੜੀ ਬਹੁਤ ਰਹਿੰਦੀ ਲੱਗੀ ਤਾਂ ਲਾ ਕੇ ਵਢਾਦੀਂ।

ਬਲੌਰ : ਤੇ ਤੂੰ ਕਿਹੜੇ ਮੇਲੇ ਤੇ ਜਾਣੈ ਚਾਚਾ?

ਲਾਭ : ਮੇਲੇ ਨਾ ਮੇਲੇ, ਅੱਜ ਤਾਂ ਆਪਣਾ ਪਿੰਡ ਈ ਮੇਲਾ ਲਗਿਆ ਪਿਐ।

ਬਲੌਰ : ਕਿਉਂ ਕੀ ਗੱਲ ਐ ਰਾਤੋ-ਰਾਤ ਕੀ ਚੰਦ ਚੜ੍ਹ ਗਿਆ?

ਲਾਭ : ਚੰਦ ਤਾਂ ਡੁਬ ਜਾਣਾ ਸੀ ਬਚਾਅ ਹੋ ਗਿਆ।

ਬਲੌਰ : ਹੈਂ ਕੀ ਆਖਿਆ?

ਲਾਭ : ਪੁਲਿਸ ਆਈ ਬੈਠੀ ਐ ਦਿਨ ਚੜ੍ਹਦੇ ਦੀ, ਕਹਿੰਦੇ ਐ ਕੋਠੀ ਆਲੇ ਰੇਲ ਦੇ ਪੁੱਲ ਦੇ ਕੋਲੋਂ ਕੁਸ਼ ਬਰੂਦ ਤੇ ਬੰਬ ਮਿਲੇ ਨੇ, ਸ਼ਾਇਦ ਕਿਸੇ ਨੇ ਬੰਬ ਨਾਲ ਪੁਲ ਨੂੰ ਉਡਾਉਣ ਦੀ ਕੋਸ਼ਟ ਕੀਤੀ ਐ।

ਬਲੌਰ : ਹੱਛਾ! ਇਹ ਕੀਹਦਾ ਕੰਮ ਹੋ ਸਕਦੈ?

ਲਾਭ : ਕੀ ਕਿਹਾ ਜਾ ਸਕਦੈ? ਆਸੇ ਪਾਸੇ ਦੀਆਂ ਪੰਨਚੈਤਾਂ ਸੱਦੀਆਂ ਹੋਈਐਂ।

ਬਲੌਰ : ਅੱਜ ਕੱਲ ਤਾਂ ਫੌਜਾਂ ਦੀਆਂ ਗੱਡੀਆਂ ਜਾਂਦੀਐਂ ਭਰੀਆਂ, ਇਹ ਤਾਂ ਦੁਸ਼ਮਨਾਂ ਦੀ ਸ਼ਰਾਰਤ ਹੈ..., ਗੱਲ ਤਾਂ ਬਹੁਤ ਮਾੜੀ ਐ।

ਲਾਭ : ਠਾਣੇਦਾਰ ਨੇ ਕਹਿਤੈ ਬਈ ਹੁਣ ਰੋਜ ਦਿਨ ਰਾਤ ਦਾ ਪਹਿਰਾ ਲੱਗੂਗਾ।

ਬਲੌਰ : ਤਾਹੀਓਂ ਤੂੰ ਕਹਿੰਦਾ ਸੀ ਬਈ ਤੂੰ ਨਹੀਂ ਆ ਸਕਣਾ।

ਲਾਭ : ਹੋਰ ਭਤੀਜ, ਸਰਕਾਰ ਦਾ ਹੁਕਮ ਐ ਤੇ ਆਵਦਾ ਵੀ ਭਲਾ ਐ।

ਬਲੌਰ : ਪੜ੍ਹਨ 'ਚ ਤਾਂ ਚਾਚਾ ਅਸੀਂ ਵੀ ਨਖਿੱਧ ਸੀ ਪਰ ਐੱਨ.ਸੀ.ਸੀ. ਤੇ ਖੇਡਾਂ 'ਚ ਆਪਣਾ ਨੰਬਰ ਸੀ। ਕਈ ਵੇਰ ਮੇਰਾ ਮਨ ਕਰਦੈ ਫੌਜ ਵਿਚ ਭਰਤੀ ਹੋਣ ਨੂੰ।

ਲਾਭ : ਇਰਾਦਾ ਤਾਂ ਨੇਕ ਐ ਤੇਰਾ ਭਤੀਜ, ਪਰ ਆਹ ਜ਼ਮੀਨ ਕੌਣ ਸੰਭਾਲੂ? ਲੈ, ਮੈਂ ਫਿਰ ਚਲਦਾਂ।

(ਲਾਭ ਸਿੰਘ ਚਲਾ ਜਾਂਦਾ ਹੈ...
**ਪਾਲ ਕੌਰ** ਦੋਹਣੇ ਵਿਚ ਲੱਸੀ ਉਪਰ ਰੋਟੀਆਂ ਰੱਖਦੇ ਹੋਏ ਕਾਮਿਆਂ ਲਈ ਲੈ ਕੇ ਆਉਂਦੀ ਹੈ...)

ਪਾਲ ਕੌਰ : (ਆਵਾਜ਼ ਦਿੰਦੀ ਹੈ...) ਬਲੌਰ! ਵੇ ਪੁੱਤ ਰੋਟੀ ਖਾ ਲੋ।

ਬਲੌਰ : ਆਏ ਮਾਂ, ਆਏ, ਤਾਇਆ ਆਜੋ ਰੋਟੀ ਖਾ ਲੋ।

ਪਾਲ ਕੌਰ : (ਸਿਰ ਤੋਂ ਰੋਟੀ ਲਾਹ ਕੇ ਬੈਠਦੀ ਹੋਈ...) ਵਾਹਗੁਰੂ... ਵਾਹਗੁਰੂ।

ਬਲੌਰ : (ਕਹੀ ਰੱਖ ਕੇ ਬੈਠਦਾ ਹੋਇਆ...) ਲਿਆਓ ਜੀ ਖਾਈਏ ਪੋਲੀਆਂ-ਪੋਲੀਆਂ ਦਿਓੜਾਂ ਮਾਂ ਦੇ ਕੂਲੇ-ਕੂਲੇ ਹੱਥਾਂ ਨਾਲ ਪਕਾਈਆਂ, ਭੁੱਖ ਵੀ ਲੱਗੀ ਹੋਈ ਸੀ।

ਪਾਲ ਕੌਰ : ਤੇਰਾ ਤਾਇਆ ਆਇਆ ਨਹੀਂ?

ਬਲੌਰ : ਓਹ ਗਿਐ ਮੋਘੇ ਵੱਲ ਆ ਜਾਂਦੈ, ਤਾਏ ਨੂੰ ਭੁੱਖ ਵੀ ਨਹੀਂ ਲੱਗਦੀ।

ਪਾਲ ਕੌਰ : ਮਾਂ ਨਾਲ ਵੀ ਮਸ਼ਕਰੀਆਂ (ਰੋਟੀਆਂ ਫੜਾਉਂਦੀ ਹੋਈ...) ਲੈ ਫੜ ਖਾਹ ਚੁੱਪ ਕਰਕੇ।

| | |
|---|---|
| ਬਲੌਰ | : ਚੁੱਪ ਕਰ ਕੇ ਖਾਓ ਜੀ ਮਾਂ ਕਾ ਹੁਕਮ ਹੈ ਜੀ। ਵਾਹ ਬਈ ਅੱਜ ਚੱਟਨੀ ਤਾਂ ਬਹੁਤ ਸੁਆਦ ਐ, ਮਾਂ ਨੇ ਰਗੜਨ ਲਗਿਆਂ ਵਿਚ ਝਿੜਕਾਂ ਵੀ ਰਗੜਤੀਆਂ ਜੀ। ਮਾਂ ਕੀ ਗੱਲ ਐ ਤੂੰ ਚੁੱਪ ਚੁੱਪ ਕਿਉਂ ਐਂ? ਥੱਕ ਜਾਂਦੀ ਐਂ, ਕੰਮ 'ਚ, ਕੋਈ ਕੰਮ ਵਾਲੀ ਰੱਖ ਲੈ। |
| ਪਾਲ ਕੌਰ | : ਨਾ ਪੁੱਤ, ਨਾ ਮੈਂ ਚੁੱਪ-ਚੁੱਪ ਆਂ ਨਾ ਥੱਕੀ, ਤੂੰ ਚੁੱਪ ਕਰਕੇ ਰੋਟੀ ਖਾਹ। |
| ਬਲੌਰ | : ਤੇਰੀ ਵਾਜ ਈ ਦਸਦੀ ਐ ਗੱਲ ਤਾਂ ਕੋਈ ਹੈ। |
| ਪਾਲ ਕੌਰ | : ਪਿੰਡ ਵਿਚ ਸਵੇਰ ਦਾ ਰੌਲਾ ਪਿਆ ਹੋਇਐ। |
| ਬਲੌਰ | : ਓਹ ਹੋ... ਉਹ ਤਾਂ ਚਾਚਾ ਲਾਭ ਦਸ ਗਿਐ, ਮੈਨੂੰ ਪਤਾ ਐ। ਵਾਹ ਜੀ ਵਾਹ ਪੱਟਿਆ ਪਹਾੜ ਤੇ ਨਿਕਲੀ ਚੂਹੀ (ਹੱਸਦਾ ਹੈ...) |
| ਪਾਲ ਕੌਰ | : ਤੂੰ ਤਾਂ ਆਵਦੀਆਂ ਮਾਰਦਾ ਰਹਿੰਦੈਂ, ਔਥੇ ਨਾ ਦੋ ਰਾਹੀ ਗੱਲਾਂ ਕਰਦੇ ਜਾਂਦੇ ਸੀ ਕਿ ਕੱਲ੍ਹ ਇਕ ਮੰਗਤਾ ਫੜਿਐ ਟੇਸ਼ਨ ਤੋਂ, ਕਹਿੰਦੇ ਉਹ ਪਾਕਸਤਾਨੀ ਬੰਦਾ ਹੈ ਪਿੰਡ ਦੇ ਖੂਹ 'ਚ ਜ਼ਹਿਰ ਪਾਉਣ ਚੱਲਿਆ ਸੀ। |
| | (**ਤਾਬੋ** ਆਉਂਦੀ ਹੈ....) |
| ਤਾਬੋ | : ਅੰਮਾਂ ਆਪਣੇ ਕਮਾਦ ਵਿਚ ਤਾਂ ਜਾਣੀ ਬੰਦੇ ਐ, ਨਾਹਰੇ ਕੇ ਨਰਮੇ ਚੋਂ ਨਿਕਲ ਕੇ ਆਪਣੇ ਕਮਾਦ ਵਿਚ ਵੜਗੇ, ਖਾਕੀ ਜਹੇ ਲੀੜੇ ਸੀ ਜਿਵੇਂ ਫੌਜੀਆਂ ਦੇ ਹੁੰਦੇ ਐ। |
| ਬਲੌਰ | : (ਇਸ਼ਾਰਾ ਕਰ ਕੇ...) ਔਹ ਤੁਰਿਆ ਆਉਂਦੈ ਓਹੀਓ ਸੀ ਨਾ? |
| ਤਾਬੋ | : ਹੈ ਤਾਂ ਇਹੋ ਜਿਹਾ ਸੀ ਪਰ ਉਹ ਤਾਂ ਦੋ ਸੀ। |
| ਪਾਲ ਕੌਰ | : ਇਹ ਕੌਣ ਐ... ਏਥੇ ਕੀ ਕੰਮ ਇਹਦਾ? |

(ਵਲੀ ਆ ਜਾਂਦਾ ਹੈ...)

ਬਲੌਰ : ਆ ਬਾਈ ਸਿਹਾਂ, ਰੋਟੀ ਖਾ ਲੈ।

ਵਲੀ : ਬਸ ਬਈ ਤੂੰ ਖਾਹ, ਰੱਬ ਤੈਨੂੰ ਬਹੁਤਾ ਦੇਵੇ।

ਬਲੌਰ : ਆ ਜਾ ਆ ਜਾ ਲੱਸੀ ਪੀ ਲੈ, ਨਾਲੇ ਇਹ ਕੁੜੀ ਦਾ ਡਰ ਲਹਿ ਜੂ, ਆਈ ਐ ਭੱਜੀ ਡਰ ਕੇ, ਅਖੇ ਕਮਾਦ ਵਿਚ ਬੰਦੇ ਐ, ਤੇਰੇ ਨਾਲ ਕੋਈ ਹੋਰ ਵੀ ਐ?

ਵਲੀ : (ਘਬਰਾ ਕੇ...) ਨਾ ਮੇਰੇ ਨਾਲ ਤਾਂ ਕੋਈ ਨਹੀਂ।

ਬਲੌਰ : ਫੇਰ ਤਾਂ ਤਾਬੋ ਦੀ ਗੱਲ ਠੀਕ ਲਗਦੀ ਐ।

ਵਲੀ : (ਕਾਹਲੀ ਨਾਲ...) ਅਸੀਂ ਅੱਜ ਕੱਲ੍ਹ ਪ੍ਰੈਕਟਸ ਕਰ ਰਹੇ ਆਂ ਉਹ ਹੋਣਗੇ, ਪਰ ਉਹ ਮੇਰੇ ਨਾਲ ਦੇ ਨਹੀਂ। (ਅੱਗੇ ਨੂੰ ਤੁਰ ਜਾਂਦਾ ਹੈ...)

ਪਾਲ ਕੌਰ : ਤੇਰਾ ਤਾਇਆ ਤਾਂ ਆਇਆ ਨਹੀਂ ਉਹਦੀ ਰੋਟੀ ਔਥੇ ਝੁੱਗੀ 'ਚ ਰੱਖ ਦਿੰਦੇ ਆਂ, ਆਊ ਤਾਂ ਤੂੰ ਦੱਸ ਦੇਵੀਂ ਆਪੇ ਖਾ ਲਊਗਾ... ਅਸੀਂ ਜਾਈਏ ਨਰਮੇਂ ਵੱਲ, ਖਿੜਿਆ ਪਿਐ ਚੁਣ ਲਈਏ ਹੁਣ ਤਾਂ, ਐਨਾ ਆਖ ਕੇ ਆਈ ਸਾਂ ਪ੍ਰੀਤੋ ਹੋਰਾਂ ਨੂੰ। ਅਜੇ ਆਈਆਂ ਨਹੀਂ, ਸੂਰਜ ਸਿਰ ਤੇ ਆਣ ਚੜ੍ਹਿਆ, ਚੱਲ ਤਾਬੋ ਆਪਾਂ ਤਾਂ ਲਗੀਏ।

ਤਾਬੋ : ਅੰਮਾਂ ਮੈਨੂੰ ਤਾਂ ਡਰ ਲਗਦੈ ਪਤਾ ਨਹੀਂ ਕਿਹੋ ਜਿਹੋ ਬੰਦੇ ਨੇ ਓਥੇ।

ਬਲੌਰ : ਤਾਬੋ ਤੂੰ ਤਾਂ ਐਵੇਂ ਡਰੀ ਜਾਂਦੀ ਐਂ, ਅੱਬਲ ਤਾਂ ਇਹ ਆਪਣੇ ਹੀ ਆਦਮੀ ਹੋਣੇ ਐ, ਤੇ ਜੇ ਭਲਾ ਕੋਈ ਐਰ-ਗੈਰ ਹੋਏ ਤਾਂ ਇਉਂ ਡਰ ਕੇ ਗੁਜ਼ਾਰਾ ਹੁੰਦੈ? ਅਸੀਂ ਫੜ ਕੇ ਸਾਲਿਆਂ ਨੂੰ ਸਿੱਧੇ ਕਰ ਦਿਆਂਗੇ, ਮਾਰ-ਮਾਰ ਧੂੜ਼ ਕੱਢ ਦਿਆਂਗੇ, ਪਿੱਛੇ ਭੌਂ ਕੇ ਵੀ ਵੇਖਗੇ ਤਾਂ ਆਖੀਂ।

ਤਾਬੋ : (ਵਲੀ ਵੱਲ ਇਸ਼ਾਰਾ ਕਰਕੇ...) ਔਸ ਬੰਦੇ ਦਾ ਅਤਾ ਪਤਾ ਤਾਂ ਪੁੱਛ ਵੀਰਾ।

ਪਾਲ ਕੌਰ : ਹਾਂ ਪੁੱਤ, ਇਹ ਐਥੇ ਐਵੇਂ ਤਾਂ ਨਹੀਂ ਫਿਰਦਾ? ਜਰੂਰ ਕੋਈ ਮਤਬਲ ਐ ਇਹਦਾ।

ਬਲੌਰ : (ਕੁੱਝ ਸੋਚ ਕੇ...) ਹਾਂ! ਇਹ ਤਾਂ ਮੈਂ ਸੋਚਿਆ ਈ ਨਹੀਂ, ਇਹ ਸਵੇਰ ਤੋਂ ਏਥੇ ਫਿਰਦੈ... ਮੈਨੂੰ ਇਹਦੇ ਬਾਰੇ ਪੁੱਛਣਾ ਚਾਹੀਦੈ। ਮੈਂ ਪੁੱਛਿਆ ਵੀ ਸੀ ਪਰ ਇਹ ਚੁੱਪ ਹੀ ਕਰ ਗਿਆ ਸੀ। ਗੱਲ ਕਰਦਾਂ ਇਹਦੇ ਨਾਲ... (ਵਲੀ ਨੂੰ) ਬਾਈ ਸਿਹਾਂ ਲੱਸੀ ਪੀਣੀ ਐ, ਆ ਜਾ .... ਤੂੰ ਐਥੇ ਸਵੇਰ ਤੋਂ ਫਿਰਦੈਂ ... ਕਿਤੇ ਤੂੰ ਖ਼ੁਫ਼ੀਆ ਪੁਲਸ ਦਾ ਆਦਮੀ ਤਾਂ ਨਹੀਂ?

ਵਲੀ : (ਹੈਰਾਨ ਹੋ ਕੇ...) ਤੈਨੂੰ ਕਿਸ ਨੇ ਕਿਹੈ ਮੈਂ ਖ਼ੁਫ਼ੀਆ ਪੁਲਸ ਦਾ ਆਦਮੀ ਹਾਂ। ਤੂੰ ਹੁਣ ਪੁੱਛ ਈ ਲਿਐ ਤਾਂ ਮੈਂ ਦਸਦਾ ਹਾਂ... ਮੈਂ ਜੋ ਦੱਸਾਂਗਾ ਤੂੰ ਕਿਸੇ ਨੂੰ ਦੱਸ ਤਾਂ ਨਹੀਂ ਦੇਵੇਂਗਾ?

ਬਲੌਰ : ਕਿਉਂ ਐਸੀ ਕੀ ਗੱਲ ਐ?

ਵਲੀ : ਗੱਲ ਮਾਮੂਲੀ ਨਹੀਂ ਹੈ। ਇਕ ਰਾਜ਼ ਹੈ ਬਹੁਤ ਗਹਿਰਾ... ਰਾਜ਼, ਤੂੰ ਸਮਝਦੈਂ ਨਾ ਰਾਜ਼ ਦਾ ਮਤਲਬ... ਤੈਨੂੰ ਕੱਲੇ ਨੂੰ ਦੱਸਾਂਗਾ, ਅਹਿ ਮਾਤਾ ਨੂੰ ਤੇ ਕੁੜੀ ਨੂੰ ਪਰ੍ਹੇ ਭੇਜਦੇ।

ਬਲੌਰ : (ਕੁੱਝ ਸਹਿਮ ਕੇ...) ਮਾਂ! ਤੁਸੀਂ ਚੱਲੋ।

ਪਾਲ ਕੌਰ : ਨਾ ਅਸੀਂ ਨਹੀਂ ਜਾਂਦੀਆਂ, ਖੰਨੀ ਕੌਣ ਹੈ ਇਹ, ਮੈਨੂੰ ਚੰਗਾ ਨਹੀਂ ਲਗਦਾ ਇਹ ਆਦਮੀ।

ਵਲੀ : ਮੈਂ ਬੰਦਾ ਮਾੜਾ ਈ ਹਾਂ ਮਾਤਾ ਪਰ ਤੁਹਾਡੇ ਲਈ ਮਾੜਾ ਨਹੀਂ।

ਬਲੌਰ : ਮਾੜਾ ਤਾਂ ਮਾੜਾ ਈ ਹੁੰਦੈ (ਕਹੀ ਚੁੱਕ ਕੇ...) ਸੱਚ ਦਸ ਤੂੰ ਕੌਣ ਐਂ? ਵੱਢ ਕੇ ਰੱਖ ਦੂੰ।

ਵਲੀ : ਮੈਂ ਸੱਚ ਈ ਦਸੂੰਗਾ ਤੇ ਸੱਚ ਨਾਲ ਮੈਂ ਤੁਹਾਡਾ ਫ਼ਾਇਦਾ ਕਰੂੰਗਾ।

ਬਲੌਰ : ਤੂੰ ਹੁਣ ਛੇਤੀ ਭੌਂਕ ਜੋ ਵੀ ਭੌਂਕਣੈਂ -ਭੌਂਕ।

ਵਲੀ : ਸੱਚ ਤਾਂ ਇਹ ਐ ਕਿ ਮੈਂ ਪਾਕਸਤਾਨੀ ਫੌਜੀ ਆਂ।

ਪਾਲ ਕੌਰ : ਹਾਏ ਮੈਂ ਮਰਗੀ।

ਤਾਬੋ : ਅੰਮਾਂ!

ਵਲੀ : (ਪਸਤੌਲ ਕੱਢ ਲੈਂਦੈ ਜੇਬ ਵਿੱਚੋਂ...) ਡਰੋ ਨਾ, ਮਾਰਨ ਵਾਸਤੇ ਨਹੀਂ ਕੱਢਿਆ।

ਬਲੌਰ : ਮਰਨ ਤੋਂ ਨਹੀਂ ਡਰਦੇ ਅਸੀਂ।

(ਕਹੀ ਲੈ ਕੇ ਅਗਾਂਹ ਹੁੰਦਾ ਹੈ...)

ਪਾਲ ਕੌਰ : (ਉਹਦੇ ਅੱਗੇ ਹੁੰਦੀ ਹੈ...) ਨਾ ਪੁੱਤ ਨਾ, ਉਹਦੇ ਕੋਲ ਪਸਤੌਲ ਐ...

ਵਲੀ : ਨਹੀਂ ਮਾਂ ਨਹੀਂ, ਮੈਂ ਇਤਨਾ ਗਿਰਿਆ ਹੋਇਆ ਨਹੀਂ ਕਿ ਮੈਂ ਆਪਣੇ ਭਾਈ ਤੇ ਗੋਲੀ ਚਲਾਵਾਂਗਾ।

ਬਲੌਰ : ਖਬਰਦਾਰ ਜੇ ਮੇਰੀ ਮਾਂ ਨੂੰ ਮਾਂ ਤੇ ਮੈਨੂੰ ਭਾਈ-ਭਾਈ ਆਖਿਆ, ਤੇਰੀ ਜੀਭ ਖਿੱਚ ਲਵਾਂਗਾ। ਗੰਦੀ ਜੀਭ ਨੂੰ ਆਵਦੇ ਮੂੰਹ 'ਚ ਈ ਰੱਖ, ਨਵੇਂ ਰਿਸ਼ਤੇ ਜੋੜਦੈ।

(ਲਾਭ ਸਿੰਘ ਆਉਂਦਾ ਹੈ...)

ਵਲੀ : ਰਿਸ਼ਤੇ ਮੈਂ ਨਹੀਂ ਜੋੜਦਾ, ਰਿਸ਼ਤੇ ਤਾਂ ਰੱਬ ਜੋੜਦੈ।

ਲਾਭ : ਓਏ ਇਹ ਕੌਣ ਐ, ਕੀਹਦੇ ਰਿਸ਼ਤਿਆਂ ਦੀ ਗੱਲ ਕਰਦੈ?

ਬਲੌਰ : ਇਹ ਪਾਕਸਤਾਨੀ ਫੌਜੀ ਐ, ਪਤਾ ਨਹੀਂ ਕੀ ਐ ਇਹਦੇ... ਇਹਦੇ ਗੰਦੇ ਦਮਾਗ 'ਚ, ਮਾਰਦੈ

ਮੋਮੋਠਗਣੀਆਂ। ਇਹਦੇ ਨਾਲ ਹੋਰ ਵੀ ਬੰਦੇ ਹੈਨ। ਤਾਬੋ ਨੂੰ ਸ਼ੱਕ ਐ ਕਿ ਆਪਣੇ ਕਮਾਦ ਵਿਚ ਆਦਮੀ ਐ, ਮੈਂ ਤਾਬੋ ਦੀ ਗੱਲ ਮੰਨੀ ਨਹੀਂ ਪਰ ਹੁਣ ਤਾਂ ਇਹ ਗੱਲ ਠੀਕ ਈ ਲੱਗਦੀ ਐ।

(ਆਵਾਜ਼ ਆਉਂਦੀ ਹੈ...)

*ਆਵਾਜ਼* : ਓਏ ਬਲੌਰ ਓਏ ! ਵੱਢ ਲਈਏ ਪਾਣੀ?

ਲਾਭ : ਓਏ ਬੋਹੜੂ ਐਧਰ ਆਓ ਭੱਜ ਕੇ ਛੇਤੀਂ...

*ਆਵਾਜ਼* : ਓਏ ਕੀ ਗੱਲ ਐ ਔਂਦੇ ਆਂ।

(**ਬੋਹੜੂ** ਤੇ **ਪ੍ਰਭੂ** ਆਉਂਦੇ ਹਨ... )

ਬੋਹੜੂ : ਕੀ ਹੋ ਗਿਆ?

ਪ੍ਰਭੂ : ਕੀ ਗੱਲ ਐ... ਉਹ ਕੌਣ ਐ?

ਲਾਭ : (ਡਾਂਗ ਚੱਕ ਕੇ...) ਬਾਂਹਾਂ ਚੱਕ ਓਏ ਉਪਰ, ਨਹੀਂ ਤਾਂ ਮਾਰਾਂਗਾ ਡਾਂਗ।

ਵਲੀ : (ਪਸਤੌਲ ਤਾਣ ਕੇ...) ਡਾਂਗ ਤੋਂ ਪਹਿਲਾਂ ਪਸਤੌਲ ਚੱਲ ਜਾਊ, ਨਹੀਂ ਤਾਂ ਮੇਰੀ ਗੱਲ ਸੁਣ ਲੌ।

ਪਾਲ ਕੌਰ : (ਅੱਗੇ ਹੋ ਕੇ...) ਵੇ ਪੁੱਤ ਗੋਲੀ ਨਾ ਚਲਾਈਂ... ਦੱਸ ਕੀ ਆਖਦੈਂ ਤੂੰ?

ਵਲੀ : ਮਾਂ ਤੇ ਤਾਂ ਸ਼ਤਾਨ ਵੀ ਗੋਲੀ ਨਹੀਂ ਚਲਾਏਗਾ, ਤੂੰ ਤੇ ਮੈਨੂੰ ਪੁੱਤ ਆਖਿਐ ਮਾਂ, ਮਾਂ ਦੇ ਪੈਰਾਂ 'ਚ ਤਾਂ ਬਹਿਸ਼ਤ ਹੁੰਦੀ ਐ, ਮਾਂ ਤੁਸੀਂ ਮੇਰੇ ਤੇ ਇਤਬਾਰ ਨਹੀਂ ਕਰ ਸਕਦੇ? ਕਿਉਂਕਿ ਮੈਂ ਇਤਬਾਰ ਦੇ ਕਾਬਿਲ ਨਹੀਂ ਰਿਹਾ, ਮੈਨੂੰ ਮਜਬੂਰਨ ਇਹ ਧਮਕੀ ਦੇਣੀ ਪਈ।

ਬਲੌਰ : ਧਮਕੀ?

ਵਲੀ : ਹਾਂ ਧਮਕੀ ! ਮੈਂ ਤੁਹਾਡੇ ਤੇ ਗੋਲੀ ਨਹੀਂ ਚਲਾਉਣੀ ਸੀ... ਗੋਲੀ ਨਹੀਂ ਚਲਾਉਣੀ ਸੀ ... ਕਿਉਂ ਨਹੀਂ

ਚਲਾਉਣੀ ਸੀ ਕਿਉਂਕਿ ਜਿਸ ਧਰਤੀ ਤੇ ਤੁਸੀਂ ਖੜ੍ਹੇ ਹੋ ਜਿਸ ਨੂੰ ਤੁਸੀਂ ਆਪਣੀ ਧਰਤੀ ਕਹਿੰਦੇ ਹੋ, ਜਿਸ ਧਰਤੀ ਨੂੰ ਤੁਸੀਂ ਆਪਣੀ ਮਾਂ ਕਹਿੰਦੇ ਹੋ, ਇਹ ਧਰਤੀ... ਇਹ ਧਰਤੀ ਮੇਰੀ ਵੀ ਮਾਂ ਹੈ। ਇਹ ਧਰਤੀ ... ਇਹ ਧਰਤੀ ਜਿਸ ਨੂੰ ਤੁਸੀਂ ਆਪਣਾ ਵਤਨ ਆਖਦੇ ਹੋ, ਕੱਲ੍ਹ ਮੇਰਾ ਵੀ ਵਤਨ ਸੀ, ਏਹਨਾਂ ਖੇਤਾਂ ਵਿਚ ਮੈਂ ਡੰਗਰ ਚਾਰੇ, ਗੰਨੇ ਚੂਪੇ, ਛੱਲੀਆਂ ਚੱਬੀਆਂ ... ਔਹ ਵਣ ਦੇਖਦੇ ਹੋ ਏਸ ਦੀਆਂ ਪੀਲ੍ਹਾਂ ਮੈਂ ਵੀ ਖਾਧੀਆਂ, ਅਹਿ ਤੁਹਾਡਾ ਪਿੰਡ, ਕੱਲ੍ਹ ਮੇਰਾ ਵੀ ਪਿੰਡ ਸੀ।

ਪ੍ਰਭੂ : ਫੇਰ ਤੂੰ ਪਾਕਸਤਾਨ ਦੀ ਫੌਜ ਵਿਚ ਭਰਤੀ ਕਿਵੇਂ ਹੋ ਗਿਆ ਤੇ ਪਾਕਸਤਾਨੀ ਕਿਉਂ ਬਣ ਗਿਆ?

ਵਲੀ : ਬਣਿਆ ਨਹੀਂ ਬਣਾ ਦਿੱਤਾ ਗਿਆ।

ਪ੍ਰਭੂ : ਬਣਾ ਦਿੱਤਾ ਉਹ ਕਿਵੇਂ?

ਵਲੀ : ਕੁੱਝ ਬੰਦੇ ਜੋ ਆਪਣੇ ਆਪ ਨੂੰ ਬੜਾ ਅਕਲਮੰਦ ਸਮਝਦੇ ਹਨ ਅਪਣੀ ਅਪਣੀ ਟੋਲੀ ਬਣਾ ਲੈਂਦੇ ਨੇ ਤੇ ਫੇਰ ਜ਼ਮੀਨ ਤੇ ਲਕੀਰਾਂ ਖਿੱਚ ਕੇ ਧਰਤੀ ਵੰਡ ਲੈਂਦੇ ਨੇ... ਧਰਤੀ ਹੀ ਨਹੀਂ ਧਰਤੀ ਵਰਗੀਆਂ ਮਾਵਾਂ ਵੰਡ ਲੈਂਦੇ ਆ ਤੇ ਕਈ ਵੇਰ ਤਾਂ ਮਾਵਾਂ ਦੀਆਂ ਕੁੱਖਾਂ ਵੀ ਵੰਡ ਦਿੰਦੇ ਨੇ... ਤੇ ਆਪਣੇ ਹਿੱਸੇ ਨੂੰ ਅਪਣਾ ਮੁਲਕ, ਅਪਣੀ ਮਾਲਕੀ ਤੇ ਅਪਣੀ ਟੋਲੀ ਦਾ ਇਕ ਨਾਂ ਰੱਖ ਲੈਂਦੇ ਨੇ... ਤੇ ਹੁਣ ਤੁਸੀਂ ਸਮਝ ਗਏ ਨਾ ਇਉਂ ਹੀ ਬਣ ਗਿਆ ਪਾਕਸਤਾਨ ਤੇ ਮੈਂ ਬਣ ਗਿਆ ਪਾਕਸਤਾਨੀ।

ਪ੍ਰਭੂ : ਜੇ ਤੂੰ ਏਸ ਪਿੰਡ ਦਾ ਹੈਂ ਤਾਂ ਤੇਰੇ ਬਾਪ ਦਾ ਕੀ ਨਾਂ ਹੈ?

ਵਲੀ : ਜਲਾਲ ਦੀਨ ਮੇਰਾ ਬਾਪ ਤੇ ਨਜ਼ਾਮ ਦੀਨ ਮੇਰਾ ਦਾਦਾ, ਦੋਨੋਂ ਖਾ ਲਏ ਆਜ਼ਾਦੀ ਦੀ ਵੰਡ ਨੇ।

| | |
|---|---|
| ਪਾਲ ਕੌਰ | : ਕੀ ਆਖਿਆ... ਤੂੰ ਕੀਹਦਾ ਪੁੱਤ ਐਂ? |
| ਵਲੀ | : ਜਲਾਲ ਦੀਨ ਦਾ, ਮਾਂ। |
| ਪਾਲ ਕੌਰ | : ਤੂੰ ਸ਼ੇਰੂ ਐਂ ਪੁੱਤ। |
| ਪ੍ਰਭੂ | : (ਹੈਰਾਨ ਹੋ ਕੇ) ਹੱਦ ਹੋਗੀ ਬਈ ਇਹ ਨਾਂ ਤੇ ਏਸ ਨੇ ਠੀਕ ਦੱਸੇ ਨੇ। |
| ਪਾਲ ਕੌਰ | : ਮਾਂ ਸਦਕੇ ਵੇ ਪੁੱਤ। |
| ਵਲੀ | : ਮੈਂ ਹੁਣ ਕਿਸੇ ਦਾ ਪੁੱਤ ਨਹੀਂ ਮੈਂ ਤਾਂ ਦੁਸ਼ਮਨ ਹਾਂ, ਜਾਂ ਫ਼ੇਰ ਗੱਦਾਰ – ਹਿੰਦੋਸਤਾਨ ਦਾ ਮੈਂ ਦੁਸ਼ਮਨ ਹਾਂ ਤੇ ਪਾਕਸਤਾਨ ਦਾ ਗੱਦਾਰ, ਹਿੰਦੋਸਤਾਨ ਮੈਨੂੰ ਮਾਰ ਦੇਵੇਗਾ ਤੇ ਪਾਕਸਤਾਨ ਲਈ ਮੈਂ ਮਰ ਹੀ ਚੁੱਕਾਂ ਹਾਂ। |
| ਬਲੌਰ | : ਪਰ ਤੂੰ ਏਥੇ ਆਇਆ ਕਿਉਂ? |
| ਵਲੀ | : ਇਹੋ ਹਕੀਕਤ ਤੁਹਾਨੂੰ ਦਸਣਾ ਚਾਹੁੰਦਾ ਸਾਂ? ਦੱਸਾਂ ਕਿ ਨਾ ਦੱਸਾਂ ਇਸੇ ਸ਼ਸ਼ੋ ਪੰਜ ਵਿਚ ਮੈਂ ਅੱਧੀ ਰਾਤ ਤੋਂ ਏਥੇ ਫ਼ਿਰਦਾ ਸਾਂ। ਬਾਤ ਇਹ ਹੈ ਕਿ ਮੈਂ ਰੇਲ ਦਾ ਪੁਲ ਉਡਾਉਣ ਵਾਸਤੇ ਏਧਰ ਆਇਆ ਸਾਂ। |
| ਲਾਭ | : ਹੱਛਾ ! ਉਹ ਬੰਬ ਤੇ ਬਰੂਦ ਤੂੰ ਈ ਰੱਖੇ ਸੀ ਪੁਲ ਕੋਲ ਜਿਹੜੇ ਮਿਲੇ ਨੇ ਪੁਲਿਸ ਨੂੰ? |
| ਵਲੀ | : ਹਾਂ, ਲਿਆਂਦੇ ਤਾਂ ਮੈਂ ਹੀ ਸੀ ਪਰ ਓਥੇ ਪਹੁੰਚ ਕੇ ਮੈਂ ਸਮਾਨ ਰੱਖਿਆ ਤੇ ਪਤਾ ਨਹੀਂ ਕਿਵੇਂ ਮੈਂ ਪੁਲ ਦੇ ਉਪਰ ਚੜ੍ਹ ਗਿਆ, ਕਿੰਨੀ ਦੇਰ ਮੈਂ ਖੜ੍ਹਾ ਰਿਹਾ, ਮੈਨੂੰ ਯਾਦ ਆਇਆ ਏਥੇ ਖੜ੍ਹੇ ਹੋ ਕੇ ਨਹਿਰ 'ਚ ਛਾਲਾਂ ਮਾਰਦੇ ਹੁੰਦੇ ਸੀ। ਪਤਾ ਨਹੀਂ ਮੈਂ ਕਿੰਨੀ ਦੇਰ ਓਥੇ ਖੜ੍ਹਾ ਰਿਹਾ ਤੇ ਫੇਰ ਮੈਂ ਕਦੋਂ ਛਾਲ ਮਾਰਤੀ... ਰਾਤ ਹੋਣ ਕਰ ਕੇ ਛਾਲ ਮਾਰਨ ਨਾਲ ਬੜਾ ਖੜਕਾ ਹੋਇਆ... ਮੈਂ ਜਦੋਂ ਪਾਣੀ 'ਚੋਂ ਉਪਰ ਆਇਆ ਤਾਂ ਮੇਰੀ ਕਾਲੀ ਕਰਤੂਤ ਧੁਲ ਕੇ ਸਾਫ਼ ਸਫ਼ੈਦ ਹੋ ਗਈ, |

ਮੇਰੀ ਰੂਹ ਜਿਵੇਂ ਖਿੜ ਗਈ। ਮੈਂ ਖੁਸ਼ ਹਾਂ ਕਿ ਪੁਲ ਬਚ ਗਿਆ ਨਹੀਂ ਤਾਂ ਖਬਰੇ ਕੀ ਅਣਹੋਣੀ ਹੁੰਦੀ। ਹੁਣ ਤੁਸੀਂ ਮੈਨੂੰ ਮਾਰ ਦਿਓ (ਪਸਤੌਲ ਹੇਠ ਸੁੱਟ ਦਿੰਦਾ ਹੈ...) ਜਾਂ ਪੁਲਿਸ ਦੇ ਹਵਾਲੇ ਕਰ ਦਿਓ। ਮੈਨੂੰ ਏਸ ਗੱਲ ਦੀ ਵੀ ਖੁਸ਼ੀ ਹੈ ਕਿ ਤੁਹਾਨੂੰ ਸਰਕਾਰ ਤੋਂ ਇਨਾਮ ਵੀ ਮਿਲੇਗਾ।

(ਬਾਹਾਂ ਉਪਰ ਚੱਕ ਲੈਂਦਾ ਹੈ...)

ਪਾਲ ਕੌਰ : ਨਾ ਵੇ ਪੁੱਤ ਨਾ...

ਬਲੌਰ : ਕੀ ਪੁੱਤ-ਪੁੱਤ ਲਾਈ ਐ ਮਾਂ ਤੂੰ, ਇਹਨੂੰ ਪੁੱਤ ਆਖਦੀ ਐਂ?

ਪਾਲ ਕੌਰ : ਪੁੱਤ ਨੂੰ ਪੁੱਤ ਹੀ ਆਖਾਂਗੀ, ਕਿਉਂ ਵੇ ਪੁੱਤ ਤੂੰ ਆਵਦੀ ਮਾਂ ਨੂੰ ਪਛਾਣਦਾ ਐਂ?

ਵਲੀ : ਪੁੱਤ ਤਾਂ ਕਪੁੱਤ ਹੋ ਸਕਦੇ ਐ, ਮਾਂ ਤਾਂ ਮਾਂ ਈ ਰਹਿੰਦੀ ਐ। ਪੁੱਤ ਪਛਾਣੇ ਨਾ ਪਛਾਣੇ, ਸਮਝੇ ਨਾ ਸਮਝੇ ਕੀ ਫ਼ਰਕ ਪੈਂਦੈ...

ਪਾਲ ਕੌਰ : ਸਦਕੇ ਵੇ ਪੁੱਤ ਤੈਨੂੰ ਰਬ ਦੀਆ ਰੱਖਾਂ।

(ਸਾਰਿਆਂ ਵੱਲ ਵੇਖ ਕੇ...)

ਇਹਨੂੰ ਜਾਣ ਦਿਓ.... ਜਾਵੇ ਜਿਧਰ ਇਹਦੀ ਤਕਦੀਰ ਲੈ ਜਾਵੇ।

ਬੋਹੜੂ : ਨਹੀਂ ਨਹੀਂ, ਐਂ ਕਿਵੇਂ ਜਾਣ ਦੇਈਏ ਦੇਸ ਦੇ ਦੁਸ਼ਮਨ ਨੂੰ?

ਬਲੌਰ : ਮਾਂ ਤੂੰ ਮੁਸਲਮਾਨਣੀ ਹੋਣ ਕਰਕੇ ਈ ਕਹਿੰਦੀ ਐਂ ਨਾ ਕਿ ਛੱਡ ਦਿਓ ਇਹਨੂੰ?

ਪਾਲ ਕੌਰ : ਵੇ ਪੁੱਤ ਮਾਂ ਦਾ ਕੋਈ ਮਜ਼ਹਬ ਧਰਮ ਨਹੀਂ ਹੁੰਦਾ, ਮਾਂ ਤਾਂ ਬਸ ਮਾਂ ਹੁੰਦੀ ਐ ਤੇ ਮੈਨੂੰ ਮਾਨ ਐ ਤੇਰੇ ਬਾਪ ਤੇ ਜਿਸ ਨੇ ਮੈਨੂੰ ਬਚਾਇਆ ਬਘਿਆੜਾਂ ਤੋਂ। ਪਾੜ

ਦਿੰਦੇ ਮੈਨੂੰ ਖਾ ਜਾਂਦੇ, ਚੱਬ ਜਾਂਦੇ, ਨਿਗਲ ਜਾਂਦੇ... ਸਿਰਫ਼ ਬਚਾਇਆ ਈ ਨਹੀਂ ਮੈਨੂੰ ਇੱਜ਼ਤ ਦਿੱਤੀ ਘਰ ਦਿੱਤਾ, ਪਰਵਾਰ ਦਿੱਤਾ। ਤੈਨੂੰ ਮੈਂ ਦੱਸ ਈ ਦੇਵਾਂ ਕਿ ਮੈਂ ਹਾਂ ਇਸ ਦੀ ਮਾਂ, ਇਹ ਮੇਰਾ ਪੁੱਤ ਹੈ, ਸਕਾ... ਤੂੰ ਮੈਨੂੰ ਸਮਝ ਜੋ ਸਮਝਣੈ ਪਰ ਹਾਂ ਮੈਂ ਤੇਰੀ ਮਾਂ, ਸਕੀ ਮਾਂ।

ਬਲੌਰ : ਨਹੀਂ ਮਾਂ ਨਹੀਂ, ਮੁਆਫ਼ ਕਰ ਦੇ ਮੈਨੂੰ (ਪਾਲ ਕੌਰ ਦੇ ਪੈਰਾਂ ਨੂੰ ਹੱਥ ਲਾਉਂਦਾ ਹੈ...)

ਵਲੀ : ਦੇਸ਼ ਦੇ ਦੁਸ਼ਮਨ ਦੀ ਤੇ ਦੇਸ਼ ਦੇ ਗੱਦਾਰ ਦਾ ਅੰਜਾਮ ਮੌਤ ਹੁੰਦੀ ਐ ਸਿਰਫ਼ ਮੌਤ (ਹੇਠ ਪਿਆ ਪਸਤੌਲ ਕਾਹਲੀ ਨਾਲ ਚੱਕ ਕੇ ਛਾਤੀ 'ਚ ਗੋਲੀ ਮਾਰ ਲੈਂਦਾ ਹੈ...)

ਪਾਲ ਕੌਰ : ਵੇ ਪੁੱਤਾ ਤੂੰ ਇਹ ਕੀ ਕੀਤਾ?

ਵਲੀ : ਸ਼ੁਕਰ ਐ ਰੱਬ ਦਾ ਮੈਂ ਅਪਨੀ ਜਨਮ ਦਾਤੀ ਮਾਂ ਤੇ ਮਾਦਰੀ ਜ਼ਮੀਨ ਦੀ ਬੁੱਕਲ ਵਿਚ ਹਾਂ... ਸਲਾਮ ਮਾਂ... ਸਲਾਮ ਮਾਂ...

(ਪਾਲ ਕੌਰ ਡਿਗਣ ਲੱਗਦੀ ਹੈ... ਬਲੌਰ ਬਾਹਾਂ 'ਚ ਲੈ ਲੈਂਦਾ ਹੈ...)

ਬਲੌਰ : ਮਾਂ!

ਪਾਲ ਕੌਰ : ਦੁਨੀਆਂ ਕੀ ਜਾਣੇ ਦੁੱਖ ਕੁੱਖਾਂ ਦੇ, ਦਸੋ ਵੇ ਅਕਲਾਂ ਵਾਲਿਓ...

...ਪਰਦਾ ਡਿੱਗਦਾ ਹੈ.....]

# ਭਿੱਟੇ ਹੱਥਾਂ ਵਾਲੀ

## ਪਾਤਰ

| | | |
|---|---|---|
| ਜਾਗੀ | ਪਿੰਡ ਦਾ ਵਸਨੀਕ – | ਉਮਰ 25 ਕੁ ਸਾਲ |
| ਮਹਿੰਦਰ ਕੌਰ | ਪਿੰਡ ਦੀ ਵਸਨੀਕ – | ਉਮਰ 80 ਕੁ ਸਾਲ |
| ਬਰਕਤ | ਸਬਾ ਦੀ ਨਾਨੀ – | ਉਮਰ 85 ਕੁ ਸਾਲ |
| ਸਬਾ | ਬਰਕਤ ਦੀ ਦੋਹਤੀ – | ਉਮਰ 22 ਕੁ ਸਾਲ |
| ਪ੍ਰੀਤੋ | ਮਹਿੰਦਰ ਕੌਰ ਦੀ ਸੇਵਾਦਾਰਨੀ – | ਉਮਰ 25 ਕੁ ਸਾਲ |
| ਅਮਰਜੀਤ | ਅਧਿਆਪਕਾ – | ਉਮਰ 30 ਕੁ ਸਾਲ |
| ਇੰਦਰ ਸਿੰਘ | ਮਹਿੰਦਰ ਕੌਰ ਦਾ ਦਿਓਰ – | ਉਮਰ 65 ਕੁ ਸਾਲ |

# 4 ਭਿੱਟੇ ਹੱਥਾਂ ਵਾਲੀ

## ਪਹਿਲੀ ਝਾਕੀ

ਪਰਦਾ ਖੁੱਲ੍ਹਦਾ ਹੈ.....

ਸਥਾਨ : ਪਿੰਡ ਵਿੱਚ ਘਰ ਦਾ ਵਿਹੜਾ, ਪਿੱਛੇ ਕਮਰਿਆਂ ਦੇ ਬੂਹੇ ਦਿੱਸਦੇ ਹਨ....

(**ਜਾਗੀ** ਬਾਹਰੋਂ ਆਵਾਜ਼ ਦਿੰਦਾ ਹੈ...)

ਜਾਗੀ : ਅੰਮਾ, ਅੰਮਾਂ ਘਰ ਈ ਐਂ?

(**ਮਹਿੰਦਰ ਕੌਰ** ਅੰਦਰੋਂ ਨਿਕਲਦੀ ਹੋਈ...)

ਮਹਿੰਦਰ ਕੌਰ : ਆ ਜਾ, ਆ ਲੰਘ ਆ। ਅੰਮਾਂ ਨੇ ਕਿਹੜਾ ਵਲੈਤ ਜਾਣੈ।

(**ਬਰਕਤ** ਤੇ **ਸਬਾ** ਸਮੇਤ ਜਾਗੀ ਅੱਗੇ ਆ ਜਾਂਦਾ ਹੈ...)

ਜਾਗੀ : ਅੰਮਾਂ ! ਐਹ ਬੀਬੀਆਂ ਆਈਐਂ, ਬਾਹਰ ਵੀਹੀ 'ਚ ਖੜੀਆਂ ਸੀ ਬਾਬੇ ਦਾ ਘਰ ਪੁੱਛਦੀਆਂ ਸੀ ਤੇ ਬਾਬੇ ਦਾ ਨਾਂ ਦਸਦੀਆਂ ਨਹੀਂ ਸੀ, ਕਹਿੰਦੀਆਂ ਅਸੀਂ ਆਪ ਤੋਂ ਵਡਿਆ ਦਾ ਨਾਂ ਨਹੀਂ ਲੈਂਦੀਆਂ। ਮੈਂ ਬੜਾ ਹੈਰਾਨ ਹੋਇਆ ਬਈ ਕਿਹੜੇ ਬਾਬੇ ਦਾ ਘਰ ਦੱਸਾਂ। ਫਿਰ ਇਹਨਾਂ ਨੇ ਨਸ਼ਾਨੀ ਦੱਸੀ ਕਿ ਐਥੇ ਜਹੇ ਇੱਕ ਹੱਟੀ ਹੁੰਦੀ ਸੀ ਤੇ ਉੱਤੇ ਚਵਾਰਾ ਹੁੰਦਾ ਸੀ। ਪਿੰਡ ਵਿੱਚ ਐਨਾ ਉੱਚਾ ਚਵਾਰਾ ਹੋਰ ਕੋਈ ਨਹੀਂ ਸੀ,

ਓਹਦੇ ਸਾਹਮਣੇ ਘਰ ਸੀ ਬਾਬੇ ਦਾ ਉੱਚੇ ਦਰਵਾਜੇ ਵਾਲਾ। ਫੇਰ ਮੈਨੂੰ ਯਾਦ ਆਇਆ ਬਾਬੇ ਰਤਨੇ ਦੀ ਹੱਟੀ ਹੁੰਦੀ ਸੀ ਤੇ ਉੱਤੇ ਚਵਾਰਾ ਵੀ ਸੀ ਤੇ ਸਾਹਮਣੇ ਉੱਚਾ ਦਰਵਾਜਾ ਵੀ ਹੁੰਦਾ ਸੀ, ਮੈਂ ਸਮਝਦਾਂ ਇਹ ਥੋਡਾ ਘਰ ਹੀ ਹੋ ਸਕਦੈ...

ਮਹਿੰਦਰ ਕੌਰ : ਨਸ਼ਾਨੀਆਂ ਤਾਂ ਠੀਕ ਐ ਪਰ ਇਹ ਬਾਬਾ ਜੀ ਦਾ ਨਾਂ ਕਿਉਂ ਨਹੀਂ ਲੈਂਦੀਆਂ... ਊਂ ਤਾਂ ਅਸੀਂ ਵੀ ਬਾਬਾ ਜੀ ਦਾ ਨਾਂ ਨਹੀਂ ਲੈਂਦੀਆਂ ਸਾਂ। (ਬਰਕਤ ਤੇ ਸਬਾ ਨੂੰ...) ਆਓ, ਆਓ ਭੈਣ ਜੀ, ਜੀ ਆਇਆਂ ਨੂੰ... ਮੈਂ ਪਛਾਣਿਆ ਨਹੀਂ, ਕਿਥੋਂ ਆਈਐਂ ਤੁਸੀਂ, ਬਾਹਲੇ ਚਿਰ ਪਿਛੋਂ ਆਈਐਂ ਲਗਦੈ।

ਬਰਕਤ : (ਇਧਰ-ਉਧਰ ਵੇਖਦੀ ਹੋਈ ਭਰੇ ਮਨ ਨਾਲ ਰੁਕ-ਰੁਕ ਬੋਲਦੀ ਹੈ...) ਤਾਂ ਈ ਤਾਂ ਕੁਛ ਸਮਝ ਨਹੀਂ ਆਉਂਦੀ... ਸਾਰਾ ਕੁਝ ਬਦਲਿਆ ਪਿਐ।

ਮਹਿੰਦਰ ਕੌਰ : ਐਹ ਹੱਟੀ ਤੇ ਚਵਾਰਾ ਢਾਏ ਨੂੰ ਤਾਂ ਚਾਲੀ ਪੰਜਾਹ ਸਾਲ ਹੋ ਗਏ ਹੋਣਗੇ ਤੇ ਆਪਣਾ ਦਰਵਾਜਾ ਢਾਏ ਨੂੰ ਵੀ ਵੀਹ ਵਰ੍ਹੇ ਹੋ ਗਏ ਮੇਰੇ ਸਾਬ੍ਹ 'ਚ...

ਬਰਕਤ : (ਜਜ਼ਬਾਤੀ ਹੋ ਕੇ...) ਸਾਰੇ ਪਿੰਡ 'ਚੋਂ ਉੱਚਾ ਸੀ ਬਾਬੇ ਦਾ ਦਰਵਾਜਾ, ਗੱਡੇ ਭਰੇ ਭਰਾਏ ਤੇ ਬੋਤੇ ਲੱਦੇ ਲਦਾਏ ਆ ਵੜਦੇ ਸੀ ਅੰਦਰ। ਇੱਕ ਵਾਰੀ ਤਾਂ ਹਾਥੀ ਵੀ ਲੰਘ ਆਇਆ ਸੀ। ਇੱਕ ਸਾਧੂਆਂ ਦਾ ਟੋਲਾ ਆਇਆ ਸੀ ਬਾਬੇ ਦੇ ਘਰ ਰੋਟੀ ਖਾਣ।

ਜਾਗੀ : ਕਿਹੜੇ ਵੇਲਿਆਂ ਦੀਆਂ ਗੱਲਾਂ ਕਰਦੀ ਐਂ ਬੀਬੀ (ਹੱਸ ਕੇ...) ਬੱਗੇ ਕਾਵਾਂ ਵੇਲੇ ਦੀ ਜੰਮੀ ਲਗਦੀ ਐਂ ਬੀਬੀ।

ਮਹਿੰਦਰ ਕੌਰ : ਤੂੰ ਤਾਂ ਚਰੋਕਣੀਆਂ ਗੱਲਾਂ ਕਰਦੀ ਐਂ ਭੈਣੇਂ... ਕਿਹੜੇ ਪਿੰਡ ਤੋਂ ਆਈਆਂ ਓ ਤੁਸੀਂ? ਤੇ ਬਾਬਾ ਜੀ ਦੀ ਯਾਦ ਕਿਵੇਂ ਆਈ ਐਨੇ ਚਿਰ ਪਿਛੋਂ...

ਜਾਗੀ : ਇਹੋ ਮੈਂ ਪੁਛਣ ਲਗਿਆ ਸੀ, ਅੱਜ ਕੱਲ੍ਹ ਤਾਂ ਡਰ ਵੀ ਆਉਂਦੈ ਅਣਜਾਨ ਆਦਮੀ ਤੋਂ।

ਬਰਕਤ : ਤੂੰ ਠੀਕ ਆਖਿਆ ਬਰਖੁਰਦਾਰ... ਪਰ ਸਾਡੀ ਵੀ ਕਿਸਮਤ ਮਾੜੀ ਐ ਕਿ ਆਪਣੇ ਹੀ ਪਿੰਡ ਵਿੱਚ ਸਾਨੂੰ ਕੋਈ ਪਛਾਣਦਾ ਸਿਆਣਦਾ ਨਹੀਂ...

ਮਹਿੰਦਰ ਕੌਰ : ਆਪਣੇ ਹੀ ਪਿੰਡ ਵਿੱਚ? ਇਹ ਕੀ ਆਖਿਆ ਤੂੰ ਭੈਣ...

ਬਰਕਤ : ਹਾਂ, ਆਪਣੇ ਹੀ ਪਿੰਡ, ਉਂ ਔਰਤਾਂ ਦਾ ਪਿੰਡ ਤਾਂ ਹੁੰਦਾ ਨਹੀਂ, ਔਰਤ ਦੇ ਤਾਂ ਪੇਕੇ ਜਾਂ ਸੌਹਰੇ ਹੁੰਦੇ ਨੇ... ਮੈਂ ਇੱਥੇ ਜੰਮੀ, ਪਲੀ, ਖੇਡੀ, ਵੱਡੀ ਹੋਈ...

ਮਹਿੰਦਰ ਕੌਰ : ਪੇਕਿਆਂ ਨੂੰ ਕਿੱਥੇ ਭੁਲਦੀਆਂ ਨੇ ਕੁੜੀਆਂ... ਤਾਂ ਈ ਤੈਨੂੰ ਪੁਰਾਣੀਆਂ ਥਾਂਵਾਂ ਯਾਦ ਨੇ ਤੇ ਬਾਬਾ ਜੀ ਵੀ...

(**ਪ੍ਰੀਤੋ** ਬਾਹਰ ਤੋਂ ਥੈਲੇ ਵਿੱਚ ਸਬਜੀਆਂ ਪਾਈ ਆਉਂਦੀ ਦੇਖਦੀ-ਦੇਖਦੀ ਅੰਦਰ ਜਾਂਦੀ ਹੈ...)

ਬਰਕਤ : ਬੱਸ ਯਾਦਾਂ ਈ ਰਹਿਗੀਆਂ, ਥਾਂ-ਨ-ਥਾਂ ਦੀ ਤਾਂ ਕੋਈ ਪਛਾਣ ਈ ਨਹੀਂ ਰਹੀ...

ਮਹਿੰਦਰ ਕੌਰ : ਲੈ ਕੁੜੇ ਬੈਠੋ ਤਾਂ ਸਹੀ, ਖੜ੍ਹੀਆਂ ਈ ਰਹੋਗੀਆਂ?

ਜਾਗੀ : ਅੰਮਾਂ ਇਹ ਤਾਂ ਫਿਰ ਆਪਣੇ ਪਿੰਡ ਦੀ ਕੁੜੀ ਐ, ਆਪਾਂ ਤੋਂ ਬਹੁਤ ਵੱਡੀ ਗਲਤੀ ਹੋਣ ਲੱਗੀ ਸੀ...

ਮਹਿੰਦਰ ਕੌਰ : ਆਹ ਤਾਂ ਤੂੰ ਖਰੀ ਆਖੀ ਪੁੱਤ, ਪਿੰਡ ਦੀ ਜੰਮੀ-ਜਾਈ ਭਾਵੇਂ ਸੌ ਸਾਲ ਦੀ ਹੋ ਜਾਵੇ ਉਸ ਨੂੰ ਬੁੜ੍ਹੀ

ਨਹੀਂ ਆਖਦੇ ਆਵਦੇ ਪੇਕਿਆਂ 'ਚ ਉਸ ਨੂੰ ਕੁੜੀ ਹੀ ਆਖਿਆ ਤੇ ਸਮਝਿਆ ਜਾਂਦੈ ਭਾਵੇਂ ਉਹ ਕਿਸੇ ਵੀ ਪਰਿਵਾਰ ਦੀ ਜਾਂ ਗੋਤ ਜਾਤ ਦੀ ਹੋਵੇ, ਪਿੰਡ ਦੀ ਧੀ ਸਮਝੀ ਤੇ ਮੰਨੀ ਜਾਂਦੀ ਹੈ।

ਜਾਗੀ : ਪਿੰਡ ਦੀਆਂ ਧੀਆਂ ਸਭ ਦੀਆਂ ਧੀਆਂ...

ਮਹਿੰਦਰ ਕੌਰ : ਬੈਠੋ ਬੀਬੀ ਬੈਠੋ, ਬੈਠ ਕੇ ਗੱਲਾਂ ਕਰਦੇ ਆਂ, ਖਬਰੇ ਕਿੱਡੇ ਮਾਨ ਨਾਲ ਆਈਆਂ ਓ ਤੁਸੀਂ, ਆਓ ਬੈਠੋ... ਕੁੜੇ ਪ੍ਰੀਤੋ ਚਾਹ ਬਣਾ ਲੈ।

ਬਰਕਤ : ਬਾਬੇ ਦੇ ਘਰ ਤਾਂ ਚਾਹ ਕਦੇ ਬਣਦੀ ਨਹੀਂ ਸੀ।

ਮਹਿੰਦਰ ਕੌਰ : ਫੇਰ ਦੁੱਧ ਪੀ ਲੋ।

ਬਰਕਤ : ਨਹੀਂ ਨਹੀਂ, ਲੱਸੀ ਪੀਆਂਗੇ।

ਮਹਿੰਦਰ ਕੌਰ : ਕੁੜੇ ਪ੍ਰੀਤੋ ਲੱਸੀ ਲਿਆ ਫੇਰ। (ਮੰਜੇ ਵੱਲ ਇਸ਼ਾਰਾ ਕਰ ਕੇ...) ਬੈਠੋ ਬੀਬੀ ਆਓ ਬੈਠੋ।

ਬਰਕਤ : ਬਾਬੇ ਦੇ ਘਰ... ਮੰਜੇ ਤੇ... ਮੰਜੇ ਤੇ ਤਾਂ ਕਦੇ ਨਹੀਂ ਸੀ ਬੈਠੀਆਂ। ਜੇ ਓਹਨਾਂ ਦੇ ਸਾਹਮਣੇ ਨਹੀਂ ਸਾਂ ਬੈਠੀਆਂ ਤਾਂ ਹੁਣ... ਹੁਣ ਵੀ ਨਹੀਂ... ਨਹੀਂ ਮੰਜੇ ਤੇ ਨਹੀਂ ਬੈਠਣਾ ਮੈਂ... ਬਾਬੇ ਦੇ ਬਰਾਬਰ... ਨਾ ਨਾ (ਜ਼ਮੀਨ ਤੇ ਬੈਠਣ ਲਗਦੀ ਹੈ...)

ਜਾਗੀ : ਹੈਂ, ਇਹ ਕੀ ਗੱਲ ਹੋਈ?

ਮਹਿੰਦਰ ਕੌਰ : ਲੈ ਇਹ ਕੋਈ ਗੱਲ ਹੋਈ... ਮੰਜੇ ਤੇ ਨਹੀਂ ਬੈਠਣਾ... ਮੰਜੇ ਤੇ ਬੈਠਣ ਨਾਲ ਬਾਬਾ ਜੀ ਦਾ ਆਦਰ ਘੱਟ ਨਹੀਂ ਹੋ ਜਾਣਾ (ਬਾਹੋਂ ਫੜ ਕੇ ਮੰਜੇ ਤੇ ਬਠਾਉਂਦੀ ਹੋਈ...) ਆਦਰ ਤਾਂ ਦਿਲ ਵਿੱਚ ਹੁੰਦੈ ਤੇ ਤੂੰ ਤਾਂ ਧੀ ਐਂ ਪਿੰਡ

ਦੀ। ਬਾਬਾ ਜੀ ਦੇ ਸਾਹਮਣੇ ਤਾਂ ਅਸੀਂ ਵੀ ਮੰਜੇ ਤੇ ਨਹੀਂ ਬੈਠਦੀਆਂ ਸਾਂ, ਪੀੜ੍ਹੀ ਤੇ ਬੈਠਦੀਆਂ ਸਾਂ। ਤੁਸੀਂ ਇਹ ਦੱਸੋ ਕਿਹੜੇ ਘਰ ਪਰਵਾਰ 'ਚੋਂ ਹੋ ਤੁਸੀਂ ਤੇ ਥੋੜਾ ਕੋਈ ਨਹੀਂ ਆਵਦਾ ਇਸ ਪਿੰਡ ਵਿੱਚ... (ਪ੍ਰੀਤੋ ਲੱਸੀ ਦੇ ਗਲਾਸ ਲਿਆ ਕੇ ਦਿੰਦੀ ਹੈ...)

ਬਰਕਤ : (ਲੱਸੀ ਪੀਂਦਿਆਂ-ਪੀਂਦਿਆਂ ਬੋਲਦੀ ਹੈ...) ਘਰ ਪਰਵਾਰ ਕੀ ਦੱਸਾਂ, ਸਾਡਾ ਇੱਕੋ ਘਰ ਸੀ ਪਿੰਡ ਵਿੱਚ... ਘਰ ਵੀ ਸਾਡਾ ਨਹੀਂ ਸੀ। ਮੈਨੂੰ ਤਾਂ ਏਨਾ ਪਤੈ ਕਿ ਮੇਰੇ ਦਾਦੇ ਜਾਂ ਪੜਦਾਦੇ ਨੂੰ ਬਾਬਾ ਜੀ ਦਿਆਂ ਬਜੁਰਗਾਂ ਨੇ ਕਿਸੇ ਹੋਰ ਪਿੰਡ ਤੋਂ ਲਿਆ ਕੇ ਏਥੇ ਵਸਾਇਆ ਸੀ। ਬਾਬਾ ਜੀ ਦੇ ਬਾਹਰਲੇ ਵਾੜੇ ਵਿੱਚ ਸਾਡੇ ਦੋ ਕੋਠੇ ਸੀ। ਸਾਡਾ ਕੋਹਲੂ ਸੀ, ਤੇਲ ਪੀੜਦੇ ਸੀ ਤੇ ਰੂੰ ਪਿੰਜਣ ਦਾ ਕੰਮ ਕਰਦੇ ਸੀ। ਰਜਾਈਆਂ, ਗੱਦੇ-ਗਦੈਲੇ ਭਰਨੇ ਤੇ ਨਗੰਦਨ ਦਾ ਕੰਮ ਮੈਂ ਤੇ ਮੇਰੀ ਮਾਂ ਕਰਦੀਆਂ ਸਾਂ ਬਾਬੇ ਦੇ ਘਰ ਦਾ ਤੇ ਹਾੜੀ-ਸੌਣੀ ਖੇਤਾਂ ਵਿੱਚ ਵੀ ਕੰਮ ਕਰਦੀਆਂ ਸਾਂ...

ਮਹਿੰਦਰ ਕੌਰ : ਮੇਰੇ ਵਿਆਹ ਤੋਂ ਪਹਿਲਾਂ ਦੀਆਂ ਗੱਲਾਂ ਕਰਦੀ ਐਂ ਤੂੰ ਤਾਂ...

ਬਰਕਤ : ਹਾਂ ਅੱਜੇ ਵੱਡੇ ਚਾਚੇ ਦਾ ਵਿਆਹ ਨਹੀਂ ਹੋਇਆ ਸੀ।

ਮਹਿੰਦਰ ਕੌਰ : ਵੱਡੇ ਚਾਚੇ ਦਾ? ਮੈਂ ਸਮਝੀ ਨਹੀਂ...

ਬਰਕਤ : ਬਾਬੇ ਦਾ ਪੁੱਤ ਮੇਰਾ ਚਾਚਾ ਹੋਇਆ ਨਾ, ਅਸੀਂ ਆਪ ਤੋਂ ਵੱਡਿਆਂ ਦਾ ਨਾਂ ਨਹੀਂ ਸਾਂ ਲੈਂਦੀਆਂ।

ਮਹਿੰਦਰ ਕੌਰ : ਤੂੰ ਤਾਂ ਫੇਰ ਮੇਰੇ ਕੋਲੋਂ ਵੱਡੀ ਐਂ। ਤੇਰਾ ਵਿਆਹ ਤਾਂ

ਸਾਡੇ ਵਿਆਹ ਤੋਂ ਪਹਿਲਾਂ ਹੋ ਗਿਆ ਹੋਣੈ... ਤੇ ਫੇਰ ਕਦੇ ਮੁੜ ਕੇ ਨਹੀਂ ਆਈ ਏਥੇ?

ਬਰਕਤ : ਵਿਆਹ ਥੋੜਾ ਹੋਇਆ ਸੀ ਉਜਾੜਾ ਹੋਇਆ ਸੀ।

ਜਾਗੀ : ਹੈਂ! ਐਸੀ ਕੀ ਗੱਲ ਹੋ ਗਈ, ਗੁੱਸੇ ਗਿਲੇ ਤਾਂ ਹੁੰਦੇ ਈ ਰਹਿੰਦੇ ਨੇ ਪਰ ਟੁੱਟ ਕੇ ਥੋੜਾ ਬੈਠ ਜਾਈਦਾ ਐ।

ਬਰਕਤ : ਗੁੱਸਾ ਗਿਲਾ ਕਾਹਨੂੰ ਸੀ, ਅਣ ਹੋਣੀ ਹੋਈ, ਅਣ ਹੋਣੀ ਜਿਹੜੀ ਕਦੇ ਕਿਸੇ ਨੇ ਸੋਚੀ ਚਿਤਵੀ ਨਹੀਂ ਸੀ।

ਮਹਿੰਦਰ ਕੌਰ : ਓਹੋ! ਹੋਇਆ ਕੀ?

ਬਰਕਤ : ਦੇਸ ਨਕਾਲਾ... ਦੇਸ ਨਕਾਲਾ... ਪਾਕਿਸਤਾਨ ਬਣ ਗਿਆ ਨਾ। (ਦੁੱਖੀ ਹੋ ਕੇ...) ਅਖੇ ਅਜਾਦ ਹੋ ਗਿਆ ਮੁਲਕ। ਅਜਾਦ ਹੋ ਗਿਆ ਕਿ ਉਜੜ ਗਿਆ? ਸਦੀਆਂ ਦੇ ਵਸਦੇ-ਰਸਦੇ ਘਰਾਂ ਦੀਆ ਨੀਹਾਂ ਪੁੱਟਤੀਆਂ... (ਰੋ ਪੈਂਦੀ ਹੈ...)

ਜਾਗੀ : ਤਾਂ ਤੁਸੀਂ ਮੁਸਲਮਾਨ ਹੋ ਤੇ ਹੁਣ ਪਾਕਿਸਤਾਨ ਤੋਂ ਆਈਆਂ ਓ ਤੁਸੀਂ?

ਬਰਕਤ : ਹਾਂ, ਪਾਕਿਸਤਾਨ ਤੋਂ ਈ ਆਈਆਂ ਹਾਂ ਅਸੀਂ। ਕੀ ਕਰਦੇ, ਜਾਣਾ ਪਿਆ....ਊਂ ਅਸੀਂ ਜਾਣਾ ਨਹੀਂ ਸੀ ਚਾਹੁੰਦੇ... ਤੇ ਬਾਬੇ ਨੇ ਵੀ ਬੜਾ ਜੋਰ ਲਾਇਆ ਸਾਨੂੰ ਰੱਖਣ ਲਈ ਪਰ ਬਹੁਤ ਮਾੜੇ ਦਿਨ ਸਨ, ਦਿਨ ਕਾਹਦੇ ਰਾਤਾਂ ਸੀ ਹਨੇਰੀਆਂ... ਐਂ ਲਗਦਾ ਸੀ ਜਿਵੇਂ ਕਾਲੀ ਬੋਲੀ ਹਨੇਰੀ ਆਈ ਹੋਵੇ...

ਜਾਗੀ : ਤੂੰ ਠੀਕ ਆਖਦੀ ਐਂ ਬੀਬੀ। ਮੇਰੇ ਬਾਪੂ ਜੀ ਵੀ ਬਹਾਵਲਪੁਰ 'ਚ ਰਹਿੰਦੇ ਸੀ। ਉਹ ਹੁਣ ਤਾਈਂ ਨਹੀਂ

ਭੁੱਲੇ ਭੈੜੇ ਦਿਨਾਂ ਨੂੰ ...ਉਹ ਦੱਸਦੇ ਹੁੰਦੇ ਐ ਕਿ ਕਿਵੇਂ ਭਰੇ ਭਰਾਏ ਘਰ ਛੱਡ ਕੇ... ਰਾਹ ਵਿੱਚ ਲੋਥਾਂ ਈ ਲੋਥਾਂ ਪਈਆਂ ਸੀ... ਕੋਈ ਕੋਈ ਤਾਂ ਵੱਢੇ ਟੁੱਕੇ ਜਿਉਂਦੇ ਸਹਿਕਦੇ ਵੀ ਪਏ ਸੀ ਤੇ ਕਾਂ ਕੁੱਤੇ ਖਾਈ ਚੂੰਡੀ ਜਾਂਦੇ ਸੀ... ਬਾਪੂ ਜੀ ਤਾਂ ਬਹੁਤ ਬੁਰੀਆਂ ਬੁਰੀਆਂ ਗੱਲਾਂ ਦਸਦੇ ਹੁੰਦੇ ਐ...

ਬਰਕਤ : ਪਰ ਆਪਣੇ ਪਿੰਡ ਵਿੱਚ ਵਾਲ ਵੀਂਗਾ ਨਹੀਂ ਹੋਣ ਦਿੱਤਾ ਕਿਸੇ ਦਾ। ਬਾਬੇ ਦਾ ਬੜਾ ਦਬ-ਦਬਾ ਸੀ ਪਿੰਡ ਵਿੱਚ... ਕਈ ਦਿਨ ਬਾਬਾ ਸੁੱਤਾ ਨਹੀਂ, ਫਿਰ ਪੁਲਸ ਆ ਗਈ ਸਾਨੂੰ ਲੈ ਕੇ ਜਾਣ ਵਾਸਤੇ। ਬਾਬੇ ਨੇ ਪੂਰੀ ਤਸੱਲੀ ਕਰਕੇ ਪੁਲਸ ਦੀ ਨਗਰਾਨੀ ਵਿੱਚ ਤੋਰਿਆ ਸਾਨੂੰ... ਸਾਰਾ ਪਿੰਡ ਰੋ ਰਿਹਾ ਸੀ, ਸਾਰਾ ਪਿੰਡ ਜਿਵੇਂ ਸੋਗ ਦਾ ਛਪੜ ਬਣ ਗਿਆ ਸੀ। ਕਦੇ ਨਹੀਂ ਸੋਚਿਆ ਸੀ ਇਉਂ ਵਿਛੜਾਂਗੇ, ਬਾਬਾ ਵੀ ਰੋਇਆ, ਬੜਾ ਰੋਇਆ, ਰੋਵੇ ਨਾਲੇ ਤਸੱਲੀ ਦੇਵੇ, ਕਿਸੇ ਦੇ ਸਿਰ ਤੇ ਹੱਥ ਰੱਖੇ, ਕਿਸੇ ਦੇ ਮੋਢੇ ਤੇ, ਕਿਸੇ ਨੂੰ ਜੱਫੀ ਪਾਵੇ। ਮੁੜ-ਮੁੜ ਆਖੇ ਮੈਂ ਥੋਨੂੰ ਮੋੜ ਲਿਆਵਾਂਗਾ, ਕੁਛ ਹੀ ਦਿਨਾਂ ਦੀ ਗੱਲ ਐ ਸਭ ਠੀਕ ਹੋ ਜਾਏਗਾ। ਮੇਰੇ ਬਾਪੂ ਦੀ ਜੇਬ ਵਿੱਚ ਕਿੰਨੇ ਸਾਰੇ ਪੈਸੇ ਵੀ ਪਾ ਦਿੱਤੇ, ਕੀ ਕੀ ਦੱਸਾਂ ਕਾਲਜਾ ਫਟਦੈ ਦਸਦਿਆਂ ਵੀ, (ਰੋਂਦੀ ਹੋਈ...) ਅਸੀਂ ਕਦੀ ਨਹੀਂ ਭੁੱਲੇ ਬਾਬੇ ਨੂੰ, ਜਿਊਂਦੇ ਜੀ ਕਦੀ ਨਹੀਂ ਭੁੱਲਾਂਗੇ... ਕਦੀ ਨਹੀਂ (ਹੱਥ ਜੋੜ ਕੇ...) ਅੱਲਾ! ਜੰਨਤ ਵਿੱਚ ਵਾਸਾ ਹੋਵੇ ਬਾਬੇ ਦਾ...

ਮਹਿੰਦਰ ਕੌਰ : (ਉੱਠ ਕੇ ਬਰਕਤ ਨੂੰ ਗਲ ਵਕੜੀ ਵਿੱਚ ਲੈਂਦੀ ਹੋਈ...)

ਨਾ ਰੋਵੋ ਭੈਣ, ਹੁਣ ਤੁਸੀਂ ਐਡਾ ਤਰੱਦਦ ਕਰ ਕੇ ਆਈਆਂ ਓ ਤਾਂ ਗੱਲਾਂ ਬਾਤਾਂ ਕਰੋ।

ਸਬਾ : ਨਾਨੀ ਜੀ ਤਾਂ ਬਹੁਤ ਵੇਰ ਪੁਰਾਣੀਆਂ ਗੱਲਾਂ ਯਾਦ ਕਰਦੇ ਰਹਿੰਦੇ ਨੇ ਤੇ ਰੋਂਦੇ ਰਹਿੰਦੇ ਨੇ। ਅੰਮੀ ਤੇ ਅੱਬਾ ਵੀ ਇਹਨਾਂ ਨੂੰ ਰੋਕਦੇ ਨੇ।

ਬਰਕਤ : ਮੇਰੇ ਬਾਪੂ ਨੇ ਕਈ ਵਾਰੀ ਜਤਨ ਕੀਤਾ ਇਧਰ ਬਾਬੇ ਨੂੰ ਮਿਲਣ ਆਉਣ ਦਾ ਪਰ ਕੋਈ ਸਬੱਬ ਨਹੀਂ ਬਣਿਆ। ਕਈ ਵੇਰ ਉੱਚੀ-ਉੱਚੀ ਬੋਲਦੇ... ਇੱਕ ਵੇਰ ਮੇਲ ਓਏ ਰੱਬਾ ਕਿਤੇ ਵਿਛੜੇ ਈ ਨਾ ਮਰ ਜਾਈਏ... ਪਰ ਅੱਲਾ ਨੂੰ ਮਨਜੂਰ ਨਹੀਂ ਸੀ... ਬਸ ਤਰਸਦੇ ਈ ਤੁਰ ਗਏ...

ਸਬਾ : ਨਾਨੀ ਜੀ ਤਾਂ ਸਾਨੂੰ ਵੀ ਰੁਆ ਦਿੰਦੇ ਨੇ...

ਮਹਿੰਦਰ ਕੌਰ : ਬਹੁਤ ਲੋਕ ਨੇ ਐਧਰ ਵੀ ਤੇ ਔਧਰ ਵੀ ਜਿਹੜੇ ਵਿਛੜੇ ਆਪਣਿਆਂ ਤੋਂ ਤੜਫਦੇ ਰਹੇ ਨੇ, ਹੁਣ ਵੀ ਚਾਹੁੰਦੇ ਨੇ ਕਿਵੇਂ ਹੋਵੇ ਮੇਲ-ਮਿਲਾਪ, ਪਰ ਨਹੀਂ ਹੋ ਸਕਦਾ।

ਬਰਕਤ : ਅਖੀਰ ਸਮੇਂ ਵੀ ਬਾਪੂ ਨੇ ਮੈਨੂੰ ਤਕੀਦ ਕੀਤੀ, ਮੈਂ ਤਾਂ ਨਹੀਂ ਜਾ ਸਕਿਆ, ਤੂੰ ਜ਼ਰੂਰ ਜਾਈਂ ਤੇ ਬਾਬੇ ਨੂੰ ਮੇਰੀ ਸਾਹਬ ਸਲਾਮ ਆਖੀਂ (ਰੋ ਪੈਂਦੀ ਹੈ...)

ਮਹਿੰਦਰ ਕੌਰ : ਬਾਹਲੀ ਦੁਨੀਆਂ ਨਾਲ ਇਹ ਅਣ-ਹੋਣੀ ਹੋਈ, ਪਰ੍ਹੇ ਤੋਂ ਪਰ੍ਹੇ, ਦੁਨੀਆਂ ਦੁੱਖੀ ਹੋਈ, ਬਹੁਤ ਮਾੜੀਆਂ ਗੱਲਾਂ ਹੋਈਆਂ... ਪਰ ਦੇਖ ਜਿੰਦਗੀ ਤਾਂ ਤੁਰੀ ਜਾਂਦੀ ਐ, ਜੋ ਹੋ ਗਿਆ ਸੋ ਹੋ ਗਿਆ... ਹੁਣ ਤੂੰ ਦੱਸ ਤੇਰਾ ਪਰਿਵਾਰ ਠੀਕ ਠਾਕ ਹੈ ਨਾ?

ਬਰਕਤ : ਅੱਲਾ ਦੀ ਮਿਹਰ ਐ, ਓਧਰ ਵੀ ਇੱਕ ਚੰਗੀ ਥਾਂ

ਮਿਲ ਗਈ ਤੇ ਬਾਪੂ ਨੇ ਆਪਣਾ ਕੰਮ ਤੋਰ ਲਿਆ ਤੇ ਹੌਲੀ-ਹੌਲੀ ਜ਼ਿੰਦਗੀ ਰਾਹ ਤੇ ਆ ਗਈ।

ਮਹਿੰਦਰ ਕੌਰ : ਸ਼ੁਕਰ ਐ ਵਾਹਿਗੁਰੂ ਦਾ, ਤੇ ਹੁਣ ਪਰਵਾਰ ਵਿੱਚ ਕੌਣ ਕੌਣ ਐ ਸੁਖ ਨਾਲ।

ਬਰਕਤ : ਦੋ ਕੁ ਸਾਲ ਬਾਅਦ ਮੇਰਾ ਵਿਆਹ ਹੋ ਗਿਆ ਇੱਕ ਸਕੂਲ ਮਾਸਟਰ ਨਾਲ। ਮੇਰੇ ਐ ਅੱਲਾ ਦੇ ਫਜਲ ਨਾਲ... ਬਸ ਇੱਕ ਕੁੜੀ ਐ। ਉਹਦੇ ਦੋ ਬੱਚੇ ਐ... ਐਹ ਮੇਰੀ ਦੋਹਤੀ ਐ ਤੇ ਦੋਹਤਾ ਇਸ ਤੋਂ ਵੱਡਾ ਐ, ਉਹ ਤਾਂ ਚੰਗੀ ਨੌਕਰੀ ਤੇ ਐ। ਇਸ ਨੂੰ ਵੀ ਹੁਣ ਚੰਗੀ ਸਰਕਾਰੀ ਨੌਕਰੀ ਮਿਲ ਜਾਵੇਗੀ। ਹੋਰ ਤਾਂ ਅੱਲਾ ਦਾ ਕਰਮ ਐ ਬੱਸ, ਇਹ ਦਾ ਨਾਨਾ ਧੋਖਾ ਕਰ ਗਿਆ ਦੋ ਕੁ ਸਾਲ ਪਹਿਲਾਂ...

ਮਹਿੰਦਰ ਕੌਰ : ਤੇ ਤੇਰਾ ਕੋਈ ਪੁੱਤ...

ਬਰਕਤ : ਨਹੀਂ ਅੱਲਾ ਦੀ ਨਜਰ ਨਹੀਂ ਹੋਈ। ਮੇਰਾ ਜਵਾਈ ਵੀ ਬੜਾ ਚੰਗਾ ਐ, ਪੁੱਤ ਵਰਗਾ, ਮੇਰਾ ਪੂਰਾ ਧਿਆਨ ਰਖਦੈ। ਕੋਈ ਗੱਲ ਮੇਰੇ ਮੂੰਹ 'ਚ ਈ ਹੁੰਦੀ ਐ ਤੇ ਉਹ ਪੂਰੀ ਕਰ ਦਿੰਦੈ।

ਮਹਿੰਦਰ ਕੌਰ : ਵਾਹਿਗੁਰੂ ਉਸ ਨੂੰ ਸਦਾ ਸੁੱਖੀ ਰੱਖੇ, ਜਿਊਂਦਾ ਰਹੇ ਲੰਮੀ ਉਮਰ ਹੋਵੇ ਉਸ ਦੀ।

ਬਰਕਤ : ਚਾਚਾ ਨਜਰ ਨਹੀਂ ਆਉਂਦਾ ਤੇ ਪਰਵਾਰ ਸੁਖ ਨਾਲ...

ਮਹਿੰਦਰ ਕੌਰ : ਚਾਚਾ ਤੇਰਾ ਸੁਰਗਵਾਸ ਹੋ ਗਿਆ ਸੀ ਕਈ ਸਾਲ ਹੋ ਗਏ...

ਬਰਕਤ : ਹਾਇ ਅੱਲਾ ! ਤੇ ਧੀਆਂ ਪੁੱਤ... ਸੁਖ ਨਾਲ...

ਮਹਿੰਦਰ ਕੌਰ : ਨਹੀਂ... ਇੱਕ ਹੋਇਆ ਸੀ ਪਰ ਉਹ ਵੀ ਚਾਰ ਕੁ ਦਿਨਾਂ ਦੀ ਖੇਡ-ਖੇਡ ਕੇ ਤੁਰ ਗਿਆ।

ਬਰਕਤ : ਹਾਇ ਮੈਂ ਮਰ ਜਾਂ ਤੇ ਤੁਸੀਂ ਕੱਲੇ ਰਹਿੰਦੇ ਓ?

ਮਹਿੰਦਰ ਕੌਰ : ਜਿਵੇਂ ਰੱਬ ਰੱਖੇ... ਮੇਰਾ ਦਿਓਰ ਪਟਿਆਲੇ ਰਹਿੰਦੈ। ਉਹਦੀ ਓਥੇ ਨੌਕਰੀ ਸੀ ਤੇ ਓਹਨੇ ਉੱਥੇ ਮਕਾਨ ਬਣਾ ਲਿਆ ਸੀ ਪਰ ਉਹ ਤੇ ਉਹਦੇ ਧੀਆਂ ਪੁੱਤਰ ਮੇਰਾ ਬਹੁਤ ਧਿਆਨ ਰੱਖਦੇ ਨੇ, ਆਉਂਦੇ ਜਾਂਦੇ ਰਹਿੰਦੇ ਨੇ...

ਬਰਕਤ : ਉਹ ਪਟਿਆਲੇ ਰਹਿੰਦੇ ਨੇ, ਹਾਏ ਰੱਬਾ! ਅਸੀਂ ਦੋ ਦਿਨ ਪਟਿਆਲੇ ਰਹੀਆਂ, ਪਤਾ ਹੁੰਦਾ ਤਾਂ ਉਸ ਨੂੰ ਤਾਂ ਮਿਲ ਲੈਂਦੀਆਂ। ਛੋਟਾ ਈ ਸੀ ਜਦੋਂ ਅਸੀਂ ਗਏ ਏਥੋਂ। ਨਿਕਿਆਂ ਹੁੰਦਿਆਂ ਸਾਡੇ ਨਾਲ-ਨਾਲ ਫਿਰਦਾ ਰਹਿੰਦਾ। ਕਦੀ-ਕਦੀ ਤਾਂ ਜਿੱਦ ਕਰ ਕੇ ਸਾਡੇ ਨਾਲ ਖੇਤਾਂ ਨੂੰ ਚਲਾ ਜਾਂਦਾ।

ਮਹਿੰਦਰ ਕੌਰ : ਹੁਣ ਤਾਂ ਸੁਖ ਨਾਲ ਉਹ ਪੜਦਾਦਾ ਬਣ ਗਿਐ।

ਬਰਕਤ : ਅੱਲਾ ਉਹਦੀ ਵੇਲ ਵਧਾਵੇ, ਕਿੰਨਾਂ ਚੰਗਾ ਹੁੰਦਾ ਜੇ ਉਸ ਨੂੰ ਦੇਖ ਲੈਂਦੀਆਂ, ਕਰਮਾਂ 'ਚ ਨਹੀਂ ਸੀ ਮੇਲ ਹੋਣਾ।

ਮਹਿੰਦਰ ਕੌਰ : ਐਵੇਂ ਤਾਂ ਨਹੀਂ ਆਖਦੇ ਨਦੀਆਂ ਨਾਵ ਸੰਜੋਗੀਂ ਮੇਲੇ।

ਸਬਾ : ਕੀ ਪਤਾ, ਅੱਲਾ ਕੋਈ ਸਬੱਬ ਬਣਾ ਦੇਵੇ ਪਟਿਆਲੇ ਜਾਣ ਦਾ...

ਬਰਕਤ : ਅੱਲਾ ਤੇਰੀ ਸੁਣ ਲਵੇ!

ਮਹਿੰਦਰ ਕੌਰ : ਥੋਡਾ ਐਥੇ ਆਉਣਾ ਕਿਵੇਂ ਹੋਇਆ?

ਸਬਾ : ਅੱਲਾ ਦੀ ਮਿਹਰ ਨਾਲ...

ਬਰਕਤ : ਇਹ ਸਾਡੀ ਬਚੜੀ ਦੇ ਪੈਰੋਂ...

ਮਹਿੰਦਰ ਕੌਰ : ਉਹ ਕਿਵੇਂ?

ਸਬਾ : ਮੈਂ ਅਪਣੇ ਕਾਲਜ ਦੀ ਕਬੱਡੀ ਟੀਮ ਵਿੱਚ ਸੀ ਤੇ ਐਧਰ ਪੰਜਾਬ ਵਿੱਚ ਅਸੀਂ ਮੈਚ ਖੇਡਣ ਲਈ ਆਉਣਾ ਸੀ। ਮੇਰਾ ਐਧਰ ਆਉਣਾ ਸੁਣ ਕੇ ਨਾਨੀ ਨੂੰ ਪੁਰਾਣੀਆਂ ਯਾਦਾਂ ਆ ਗਈਆਂ... ਅੱਬਾ ਨੇ ਇਹਨਾਂ ਦਾ ਵੀਜ਼ਾ ਲੁਆ ਦਿੱਤਾ। ਨਾਨੀ ਤਾਂ ਆਪਣਾ ਪਿੰਡ ਦੇਖਣਾ ਚਾਹੁੰਦੀ ਸੀ। ਬੱਸ ਮੈਂ ਮੈਚ ਤੋਂ ਵਿਹਲੀ ਹੋਈ ਤਾਂ ਅਸੀਂ ਆ ਗਈਆਂ ਏਥੇ... ਨਾਨੀ ਆਪਣਾ ਇਹ ਪਿੰਡ ਦੇਖਣ ਵਾਸਤੇ ਹੀ ਆਈ ਐ।

ਬਰਕਤ : ਇਹਨੇ ਖੇਡਣ ਆਉਣਾ ਸੀ ਤੇ ਮੇਰੀ ਵੀ ਖਾਹਿਸ਼ ਪੂਰੀ ਹੋ ਗਈ।

(**ਅਮਰਜੀਤ** ਆਉਂਦੀ ਹੈ...)

ਅਮਰਜੀਤ : ਅੰਮਾ ਸਤਿ ਸ੍ਰੀ ਅਕਾਲ!

ਮਹਿੰਦਰ ਕੌਰ : ਸਤਿ ਸ੍ਰੀ ਅਕਾਲ ਪੁੱਤ ਜਿਊਂਦੀ ਰਹੁ, ਆ ਬੈਠ।

ਅਮਰਜੀਤ : ਮੈਂ ਸੋਚਿਆ ਸੀ ਬਾਬਾ ਜੀ ਆਏ ਹੋਣੇ ਐ ਪਟਿਆਲੇ ਵਾਲੇ।

ਮਹਿੰਦਰ ਕੌਰ : ਤੇਰੇ ਬਾਬਾ ਜੀ ਤਾਂ ਨਹੀਂ ਆਏ। ਕਿਉਂ? ਕੀ ਗੱਲ, ਓਹਨਾਂ ਨੇ ਆਉਣਾ ਸੀ?

ਅਮਰਜੀਤ : ਬਾਹਰ ਗੱਡੀ ਖੜ੍ਹੀ ਐ ਨਾ, ਮੈਂ ਸੋਚਿਆ ਬਾਬਾ ਜੀ ਆਏ ਹੋਣਗੇ।

ਮਹਿੰਦਰ ਕੌਰ : ਗੱਡੀ ਤਾਂ ਪੁੱਤ ਇਹਨਾਂ ਦੀ ਐ। ਇਹ ਬੀਬੀ ਤੇ ਇਹਦੀ ਦੋਹਤੀ...

ਅਮਰਜੀਤ : ਸਤਿ ਸ੍ਰੀ ਅਕਾਲ ਜੀ।

ਬਰਕਤ : ਅੱਲਾ ਤੈਨੂੰ ਸੁੱਖੀ ਰੱਖੇ ਧੀਏ। (ਸਬਾ ਵੀ ਹੱਥ ਜੋੜ ਕੇ ਸਿਰ ਝੁਕਾਉਂਦੀ ਹੈ...)

ਮਹਿੰਦਰ ਕੌਰ : ਇਹ ਪਾਕਿਸਤਾਨ ਤੋਂ ਆਈ ਐ... ਇਹ ਬੀਬੀ ਆਪਣੇ ਪਿੰਡ ਦੀ ਜੰਮੀ ਜਾਈ ਐ, ਪਾਕਿਸਤਾਨ ਬਨਣ ਵੇਲੇ ਛੱਡਣਾ ਪਿਐ ਏਥੋਂ।

ਅਮਰਜੀਤ : ਐਨੇ ਸਾਲਾਂ ਪਿੱਛੋਂ ਆਏ ਨੇ?

ਮਹਿੰਦਰ ਕੌਰ : ਸਾਡੇ ਬਾਬਾ ਜੀ ਨਾਲ ਬਹੁਤ ਪਿਆਰ ਸੀ ਇਹਨਾਂ ਦੇ ਪਰਿਵਾਰ ਦਾ।

ਅਮਰਜੀਤ : ਤਾਂ ਈ ਤਾਂ ਆਈਆਂ ਨੇ। ਅਜੇ ਵੀ ਪਹਿਲੇ ਲੋਕ ਰਿਸ਼ਤੇ ਨਾਤੇ ਨਿਭਾ ਰਹੇ ਨੇ।

ਮਹਿੰਦਰ ਕੌਰ : ਐਹ ਇਹਦੀ ਦੋਹਤੀ ਕਬੱਡੀ ਖੇਡਣ ਆਈ ਐ ਐਧਰ।

ਅਮਰਜੀਤ : ਹੈਂ... ਮੈਨੂੰ ਲੱਗਿਆ ਸੀ ਜਿਵੇਂ ਮੈਂ ਇਹਨਾਂ ਨੂੰ ਪਹਿਲਾਂ ਕਿਤੇ ਵੇਖਿਆ ਐ... ਹਾਂ ਕੱਲ੍ਹ, ਟੀਵੀ ਤੇ ਦੇਖਿਆ ਸੀ, ਬਹੁਤ ਵਧੀਆ ਖੇਡੀਆਂ ਤੁਸੀਂ।

ਸਬਾ : (ਹੱਸ ਕੇ...) ਵਧੀਆ ਖੇਡੀਆਂ ਹੁੰਦੀਆਂ ਤਾਂ ਜਿੱਤ ਨਾ ਜਾਂਦੀਆਂ।

ਅਮਰਜੀਤ : ਖੇਡ ਖੇਡ ਹੁੰਦੀ ਐ, ਜਿੱਤ ਹਾਰ ਬਾਰੇ ਨਹੀਂ ਸੋਚੀ ਦਾ... ਅੱਜ ਤੁਸੀਂ ਹਾਰੇ ਓ ਤਾਂ ਕੱਲ੍ਹ ਨੂੰ ਜਿੱਤ ਵੀ ਸਕਦੇ ਹੋ। ਖ਼ੁਸ਼ੀ ਤਾਂ ਇਸ ਗੱਲ ਦੀ ਹੈ ਕਿ ਸਾਡੇ ਮੁਲਕਾਂ ਨੇ ਪ੍ਰੇਮ-ਭਾਵ ਨਾਲ ਖੇਡਣਾ ਸ਼ੁਰੂ ਕੀਤਾ ਹੈ। ਖੇਡਣ ਨਾਲ ਸਰੀਰ ਚੁਸਤ, ਮਨ ਦਰੁਸਤ ਤੇ ਲੋਕ ਤੰਦਰੁਸਤ ਹੋਣਗੇ। ਮੈਂ ਸੋਚਦੀ ਆਂ ਜੇ ਖੇਡ-ਮੈਦਾਨ

ਵਧਾ ਦਿੱਤੇ ਜਾਣ ਤੇ ਜੰਗ ਦੇ ਮੈਦਾਨ ਖਤਮ ਹੋ ਜਾਣ ਤਾਂ ਸਾਰੀ ਦੁਨੀਆਂ ਇੱਕ ਹੱਸਦਾ-ਵਸਦਾ ਪਰਿਵਾਰ ਬਣ ਜਾਵੇ।

ਸਬਾ : ਤੁਹਾਡੀ ਸੋਚ ਤਾਂ ਬੜੀ ਸੁੱਚੀ ਐ। ਕਾਸ਼! ਜੇ ਸਾਰੇ ਲੋਕ ਇਸ ਤਰ੍ਹਾਂ ਸੋਚਣ।

ਅਮਰਜੀਤ : (ਸਬਾ ਨੂੰ...) ਤੁਸੀਂ ਮੇਰੇ ਨਾਲ ਸਾਡੇ ਸਕੂਲ ਚੱਲੋ, ਸਾਡੀਆਂ ਕੁੜੀਆਂ ਨੂੰ ਉਤਸ਼ਾਹ ਮਿਲੇਗਾ ਤੁਹਾਨੂੰ ਮਿਲ ਕੇ।

ਸਬਾ : ਸਕੂਲ ਵਿੱਚ? ਪਰ...

ਮਹਿੰਦਰ ਕੌਰ : ਆਹ ਤਾਂ ਚੰਗੀ ਸੋਚੀ ਤੂੰ ਅਮਰਜੀਤ, ਨਾਲੇ ਦੱਸੀਂ ਕੁੜੀਆਂ ਨੂੰ, ਦੱਸੀਂ ਇਹਦੀ ਨਾਨੀ ਵੀ ਆਪਣੇ ਪਿੰਡ ਦੀ ਜੰਮੀ ਜਾਈ ਐ ਤੇ ਸਾਨੂੰ ਮਿਲਣ ਆਈ ਐ।

ਅਮਰਜੀਤ : ਮੈਂ ਸਾਰਾ ਕੁਝ ਦੱਸਾਂਗੀ, ਕੁੜੀਆਂ ਤਾਂ ਬਹੁਤ ਖ਼ੁਸ਼ ਹੋਣਗੀਆਂ।

(ਸਬਾ ਨਾਨੀ ਵੱਲ ਵੇਖਦੀ ਹੈ...)

ਬਰਕਤ : ਜਾਹ ਧੀਏ ਜਾਹ, ਭੈਣ ਐਨੇ ਪਿਆਰ ਨਾਲ ਆਖਦੀ ਐ।

(ਅਮਰਜੀਤ ਤੇ ਸਬਾ ਜਾਂਦੀਆਂ ਹਨ...)

ਚਾਚੀ ਤੁਸੀਂ ਚੱਲੋ ਮੇਰੇ ਨਾਲ, ਆਪਾਂ ਪਿੰਡ ਵਿੱਚ ਗੇੜਾ ਮਾਰੀਏ, ਭਲਾਂ ਕੋਈ ਮੇਰੇ ਹਾਣ ਦਾ ਬੰਦਾ-ਬੁੜ੍ਹੀ ਈ ਮਿਲ ਜਾਵੇ ਤਾਂ ਮੈਂ ਓਹਦੇ ਗਲ ਲੱਗ ਕੇ ਰੋ ਲਵਾਂ ਰੱਜ ਕੇ, ਠੰਡ ਪੈ ਜਾਏ ਮੇਰੇ ਕਾਲਜੇ...

ਮਹਿੰਦਰ ਕੌਰ : ਹਾਂ, ਹਾਂ, ਚਲੋ ਚਲਦੇ ਆਂ... (ਪ੍ਰੀਤੋ ਨੂੰ...) ਲੈ ਪ੍ਰੀਤੋ!

ਤੂੰ ਸਬਜੀ ਬਣਾ ਲੈ ਤੇ ਆਟਾ ਗੁੰਨ ਲਈਂ, ਅਸੀਂ ਹੁਣੇ ਆਉਂਦੀਆਂ, ਆ ਕੇ ਫਿਰ ਰੋਟੀ ਖਾਵਾਂਗੇ।

ਪ੍ਰੀਤੋ : ਚੰਗਾ ਅੰਬੋ...

(ਮਹਿੰਦਰ ਤੇ ਬਰਕਤ ਜਾਂਦੀਆਂ ਹਨ...)

*..ਪਰਦਾ...।*

## ਦੂਜੀ ਝਾਕੀ

ਪਰਦਾ ਖੁੱਲ੍ਹਦਾ ਹੈ.....

ਸਥਾਨ : ਪਹਿਲੇ ਵਾਲਾ ਹੀ........
ਕਮਰਿਆਂ ਦੇ ਪਿੱਛੇ ਪ੍ਰੀਤੋ ਦਿੱਸਦੀ ਹੈ....

(ਜਾਗੀ ਬਾਹਰੋਂ ਆਵਾਜ਼ ਦਿੰਦੀ ਹੈ...
ਮਹਿੰਦਰ ਕੌਰ ਤੇ ਬਰਕਤ ਬਾਹਰੋਂ ਆਉਂਦੀਆਂ ਹੋਈਆਂ...)

ਮਹਿੰਦਰ ਕੌਰ : ਤੇਰੇ ਕਰਕੇ ਮੇਰਾ ਵੀ ਮੇਲ-ਮਲਾਪ ਹੋ ਗਿਆ। ਊਂ ਮੈਂ ਤਾਂ ਘਰ ਈ ਬੈਠੀ ਰਹਿੰਦੀ ਆਂ। ਚੰਗਾ ਹੋ ਗਿਆ, ਦੱਸ ਬੀਬੀ ਤੈਨੂੰ ਕਿਵੇਂ ਲੱਗਿਆ?

ਬਰਕਤ : ਬਹੁਤ ਹੀ ਚੰਗਾ ਲਗਿਆ। ਐਂ ਸਮਝੋ ਜਿਵੇਂ ਕੁੜੀ ਨੂੰ ਆਵਦੇ ਪੇਕੀਂ ਆ ਕੇ ਖ਼ੁਸ਼ੀ ਹੁੰਦੀ ਐ ਨਾ ਓਸੇ ਤਰ੍ਹਾਂ...

ਮਹਿੰਦਰ ਕੌਰ : (ਹੱਸ ਕੇ...) ਤੇਰਾ ਪੇਕਾ-ਪਿੰਡ ਈ ਤਾਂ ਹੈ ਇਹ।

ਬਰਕਤ : ਨਹਿਰ ਦੇ ਪੁੱਲ ਤੇ ਜਦੋਂ ਡਰਾਈਵਰ ਨੇ ਗੱਡੀ ਖੜ੍ਹੀ ਕਰਤੀ ਨਾ ਆ ਕੇ, ਤਾਂ ਮੈਨੂੰ ਸ਼ੱਕ ਜਿਹਾ ਪਿਆ ਕਿਸੇ ਹੋਰ ਪਿੰਡ ਤਾਂ ਨਹੀਂ ਆ ਗਈਆਂ ਅਸੀਂ...।

ਮਹਿੰਦਰ ਕੌਰ : ਕਿਉਂ, ਸ਼ੱਕ ਕਿਉਂ ਪਿਆ?

ਬਰਕਤ : ਸਾਡੇ ਵੇਲੇ ਤਾਂ ਐਥੇ ਇੱਕ ਪੁਲੀ ਜੇਹੀ ਹੁੰਦੀ ਸੀ ਤੇ ਹੁਣ ਐਡਾ ਚੌੜਾ ਪੁਲ ਬਣਿਆ ਪਿਐ, ਪਰ ਇੱਕ ਮੁੰਡੇ ਤੋਂ ਪੁੱਛਿਆ ਤਾਂ ਤਸੱਲੀ ਹੋ ਗਈ। ਫਿਰ ਅੱਗੇ ਆਈਆਂ ਤਾਂ ਦੇਖਿਆ ਛੱਪੜ ਤਾਂ ਹੈ ਪਰ ਨਿੰਮਾਂ ਨਜਰ ਨਹੀਂ ਆਈਆਂ। ਨਾ ਉਹ ਖੂਹ ਦਿੱਸਿਆ ਜਿੱਥੋਂ ਕੁੜੀਆਂ ਪਾਣੀ ਭਰਦੀਆਂ ਸੀ ਤੇ ਨਾ ਓਹ ਬੋਹੜ ਤੇ ਪਿੱਪਲ ਜਿੱਥੇ ਕੁੜੀਆਂ ਪੀਘਾਂ ਪਾਉਂਦੀਆਂ ਸੀ।

ਮਹਿੰਦਰ ਕੌਰ : ਹਾਂ, ਨਾ ਹੁਣ ਕੁੜੀਆਂ ਪਾਣੀ ਭਰਦੀਆਂ ਨੇ ਤੇ ਨਾ ਈ ਪੀਘਾਂ ਪਾਉਂਦੀਆਂ ਨੇ... ਪਿੰਡ ਦਾ ਮੁਹਾਂਦਰਾ ਈ ਬਦਲ ਗਿਆ।

ਬਰਕਤ : ਲੋਕਾਂ ਦੇ ਚਿਹਰੇ ਮੋਹਰੇ ਜਰੂਰ ਬਦਲ ਗਏ ਨੇ ਪਰ ਮੋਹ ਮੁਹੱਬਤਾਂ ਉਸੇ ਤਰ੍ਹਾਂ ਨੇ।

(ਸਬਾ ਤੇ ਅਮਰਜੀਤ ਆਉਂਦੀਆਂ ਹਨ...)

ਮਹਿੰਦਰ ਕੌਰ : ਤੁਸੀਂ ਵੀ ਆ ਗਈਆਂ, ਅਸੀਂ ਵੀ ਬੱਸ ਹੁਣੇ ਆਈਆਂ ਪਿੰਡ ਵਿੱਚ ਫਿਰ ਕੇ, (ਪ੍ਰੀਤੋ ਨੂੰ...) ਕੁੜੇ ਪ੍ਰੀਤੋ ਬਣ ਗਈ ਸਬਜੀ, ਰੋਟੀ ਖਾਈਏ?

ਬਰਕਤ : ਰੋਟੀ ਹੁਣ ਨਹੀਂ ਖਾ ਹੋਣੀ, ਮੇਰਾ ਤਾਂ ਢਿੱਡ ਪਾਟਣ ਤੇ ਆ ਗਿਆ, ਲੋਕਾਂ ਨੇ ਤਾਂ ਹੱਦ ਕਰਤੀ ਖੁਆਣ ਦੀ।

ਹੋਰ ਤਾਂ ਹੋਰ ਇੱਕ ਮੁੰਡਾ ਗੰਨੇ ਚੁੱਕ ਲਿਆਇਆ। ਮੈਂ ਚੂਪ ਤਾਂ ਨਹੀਂ ਸਕੀ ਪਰ ਲੈ ਕੇ ਰੱਖ ਲਏ ਤੇ ਸਬਾ ਤੂੰ ਚੂਪ ਲਈਂ। ਮੁਡਾ ਵਰਗਾ ਈ ਸੀ ਮਿੱਠਾ... ਮਿੱਠੂ ਜਿਹਾ...

ਸਬਾ : (ਗੰਨੇ ਫੜ੍ਹਦੀ ਹੋਈ...) ਮੇਰਾ ਤਾਂ ਆਪ ਇਹ ਹਾਲ ਐ। ਸਕੂਲ ਵਿੱਚ ਪੂਰੀਆਂ ਛੋਲੇ ਤੇ ਨਾਲ ਹਲਵਾ... ਬਹੁਤ ਪਿਆਰੀਆਂ ਕੁੜੀਆਂ ਸੀ, ਟੀਚਰਜ਼ ਵੀ ਬੜੇ ਅਦਬ ਨਾਲ ਮਿਲੇ।

ਬਰਕਤ : ਅਜੇ ਤਾਂ ਸਰਪੰਚ ਨੇ ਬੁਲਾਇਆ ਐ ਆਪਾਂ ਨੂੰ ਪੰਚਾਇਤ ਘਰ ਵਿੱਚ...

ਮਹਿੰਦਰ ਕੌਰ : ਪ੍ਰੀਤੋ, ਚੱਲ ਫਿਰ ਪਲੇਟਾਂ ਰੱਖ ਤੇ ਬਣਾ ਫੁਲਕੇ।

ਬਰਕਤ : ਨਾ ਜੀ ਨਾ, ਚਾਚੀ...

ਸਬਾ : ਮੈਂ ਤਾਂ ਆਪ ਓਥੋਂ ਬਹੁਤ ਕੁਛ ਖਾ ਆਈ ਆਂ।

ਬਰਕਤ : ਖਾ ਪੀ ਲਿਆ... ਬਹੁਤ ਖਾ ਪੀ ਲਿਆ, ਮੇਲ-ਮਲਾਪ ਵੀ ਹੋ ਗਿਆ... ਕੋਈ ਮੇਰੇ ਹਾਣ ਦਾ ਤਾਂ ਨਹੀਂ ਮਿਲਿਆ ਪਰ ਤਾਂ ਵੀ ਜਿਹੜੇ ਵੀ ਮਿਲੇ ਬੜੇ ਮੋਹ ਨਾਲ ਮਿਲੇ... (ਜ਼ਮੀਨ ਤੇ ਹੱਥ ਲਾ ਕੇ...) ਏਸ ਧਰਤੀ ਤੇ ਤੁਰੇ... ਇਹ ਧਰਤੀ ਜਿਸ ਦੀ ਮਿੱਟੀ 'ਚੋਂ ਵੀ ਮਿੱਠੀ-ਮਿੱਠੀ ਮਹਿਕ ਜੇਹੀ ਆਉਂਦੀ ਐ, ਕਿੰਨੀ ਚੰਗੀ ਲਗਦੀ ਐ ਇਹ ਮਿੱਟੀ...

ਸਬਾ : ਨਾਨੀ! ਹੁਣ ਤਾਂ ਖ਼ੁਸ਼ ਹੋ ਨਾ? ਤੁਹਾਡੀ ਖਾਹਿਸ਼ ਪੂਰੀ ਹੋ ਗਈ।

ਬਰਕਤ : ਹਾਂ ਪੁੱਤ... ਪਰ ਜੇ ਚਾਚਾ ਮਿਲ ਜਾਂਦਾ... ਪਤਾ ਸੀ

ਕਿ ਭਾਵੇਂ ਬਾਬਾ ਤੇ ਨਹੀਂ ਸੀ ਮਿਲਣਾ ਪਰ ਬਾਬੇ ਦੇ ਪਰਵਾਰ 'ਚੋਂ... ਚਾਚਾ... ਭੂਆ... ਭੈਣ ਭਰਾ ਕੋਈ ਤਾਂ ਮਿਲ ਜਾਂਦਾ। ਉਸ ਨੂੰ ਦੇਖ ਕੇ... ਬਾਬੇ ਨੂੰ ਮਿਲਣ ਦੇ ਬਰਾਬਰ ਹੋ ਜਾਂਦਾ... ਚਾਚਾ ਹੁਣ ਕਿਵੇਂ ਦਾ ਲਗਦਾ ਹੋਵੇਗਾ ਉਹਦਾ ਕੱਦ-ਬੁੱਤ ਭਾਵੇਂ ਬਾਬੇ ਵਰਗਾ ਹੀ ਹੋਵੇ...

ਅਮਰਜੀਤ : ਹਾਂ, ਭੈਣ ਜੀ ਮੈਂ ਪਟਿਆਲੇ ਵਾਲੇ ਬਾਬਾ ਜੀ ਦੀ ਫੋਟੋ ਤਾਂ ਦਖਾ ਸਕਦੀ ਆਂ (ਅਪਣੇ ਥੈਲੇ ਵਿੱਚੋ ਕੱਢਦੀ ਹੋਈ...) ਮੇਰੇ ਕੋਲ ਉਨ੍ਹਾਂ ਦੀ ਲਿਖੀ ਕਿਤਾਬ ਹੈ ਤੇ ਐਹ ਦੇਖੋ ਉਨ੍ਹਾਂ ਦੀ ਤਸਵੀਰ...

ਬਰਕਤ : (ਇੱਕ ਦਮ ਕਿਤਾਬ ਫੜ ਕੇ...) ਹੈਂ, ਇਹ ਨੇ ਚਾਚਾ ਜੀ? ਇਹ ਤਾਂ ਬਿਲਕੁੱਲ ਬਾਬੇ ਦਾ ਰੂਪ ਐ...

(ਕਿਤਾਬ ਨੂੰ ਛਾਤੀ ਨਾਲ ਲਾਉਂਦੀ ਬਾਰ-ਬਾਰ ਦੇਖਦੀ ਹੈ... ਸਬਾ ਵੀ ਕਿਤਾਬ ਫੜ ਕੇ ਦੇਖਦੀ ਹੈ...)

ਸਬਾ : ਨਾਨੀ, ਮੈਂ ਵੀ ਇਨ੍ਹਾਂ ਨੂੰ ਬਾਬਾ ਜੀ ਬੁਲਾਵਾਂਗੀ।

ਮਹਿੰਦਰ ਕੌਰ : ਤੇਰੇ ਤਾਂ ਇਹ ਪੜਨਾਨਾ ਜੀ ਹੋਏ।

ਬਰਕਤ : ਹਾਂ ਮੇਰਾ ਚਾਚਾ ਤੇ ਤੇਰਾ ਪੜਨਾਨਾ ਠੀਕ ਆਖਿਆ ਚਾਚੀ ਨੇ।

ਸਬਾ : (ਅਮਰਜੀਤ ਨੂੰ...) ਬੜੇ ਬਾਬਾ ਜੀ ਤਾਂ ਲੇਖਕ ਨੇ ਫਿਰ...

ਅਮਰਜੀਤ : ਹਾਂ, ਹਾਂ ਇਹਨਾਂ ਨੇ ਕਈ ਕਿਤਾਬਾਂ ਲਿਖੀਆਂ ਨੇ।

ਸਬਾ : ਇਨ੍ਹਾਂ ਦਾ ਇਸਮ ਸ਼ਰੀਫ ਕੀ ਲਿਖਿਆ ਹੈ? ਇਸਮ ਸ਼ਰੀਫ ਮਤਲਬ ਗੁੱਡ ਨੇਮ।

ਅਮਰਜੀਤ : ਇੰਦਰ ਸਿੰਘ ਜੀ

(ਬਾਹਰੋਂ ਆਵਾਜ਼ ਆਉਂਦੀ ਹੈ...)

*ਆਵਾਜ-1* : ਓਏ ਠੀਕ ਠਾਕ ਐ ਮਘਰ ਸਿੰਘਾ?

*ਆਵਾਜ-2* : ਸਤਿ ਸ੍ਰੀ ਅਕਾਲ ਬਾਬਾ ਜੀ !

*ਆਵਾਜ-1* : ਸਤਿ ਸ੍ਰੀ ਅਕਾਲ ਪੁੱਤਰ ! ਜਿਉਂਦਾ ਰਹੁ ਖ਼ੁਸ਼ ਰਹੁ, ਸਭ ਸੁੱਖ ਸਾਂਦ ਐ?

*ਆਵਾਜ-2* : ਹਾਂ ਬਾਬਾ ਜੀ ਸਭ ਸੁੱਖ ਐ ਤੁਸੀਂ ਸੁਣਾਓ...

ਅਮਰਜੀਤ : ਆਹ ਤਾਂ ਪਟਿਆਲੇ ਵਾਲੇ ਬਾਬਾ ਜੀ ਦੀ ਆਵਾਜ਼ ਹੈ। (ਉਠ ਕੇ ਬਾਹਰ ਨੂੰ ਜਾਂਦੀ ਹੈ...)

ਮਹਿੰਦਰ ਕੌਰ : ਆਹ ਤਾਂ ਬਲਾਂ ਈ ਚੰਗਾ ਹੋਇਆ, ਅੱਜ ਤੇਰੀ ਬੜੀ ਲੋੜ ਸੀ ਇੰਦਰ ਸਿਹਾਂ...

(**ਇੰਦਰ ਸਿੰਘ** ਆ ਜਾਂਦਾ ਹੈ...)

ਇੰਦਰ ਸਿੰਘ : ਲੋੜ ਸੀ ਤਾਂ ਆ ਗਏ ਨਾ (ਪੈਰੀਂ ਹੱਥ ਲਾਉਂਦਾ ਹੈ...) ਤੇ ਦੱਸੋ ਭਾਬੀ ਜੀ ਕੀ ਲੋੜ ਐ...

ਮਹਿੰਦਰ ਕੌਰ : ਆਖਦੇ ਹੁੰਦੇ ਐ ਦਿਲਾਂ ਨੂੰ ਦਿਲਾਂ ਦੇ ਰਾਹ ਹੁੰਦੇ ਐ। ਕੋਈ ਆਖਦੈ ਪਿਛਲੇ ਜਨਮ ਦੇ ਕੋਈ ਰਿਸ਼ਤੇ ਹੁੰਦੇ ਨੇ ਤੇ ਓਹ ਐਸ ਜਨਮ ਵਿੱਚ ਵੀ ਬਣੇ ਰਹਿੰਦੇ ਐ।

ਇੰਦਰ ਸਿੰਘ : ਤੇ ਅਗਲੇ ਜਨਮ ਵਿੱਚ ਵੀ ਬਣੇ ਰਹਿਣਗੇ ਤੇ ਉਸ ਤੋਂ ਅਗਲੇ ਜਨਮ ਵਿੱਚ ਵੀ ਤੇ ਫੇਰ ਅਗਲੇ...

ਮਹਿੰਦਰ ਕੌਰ : ਤੂੰ ਪਹਿਲਾਂ ਇਹ ਦੱਸ (ਬਰਕਤ ਵੱਲ ਇਸ਼ਾਰਾ ਕਰਕੇ...) ਇਸ ਬੀਬੀ ਨੂੰ ਪਛਾਣਦਾ ਹੈਂ? ਬੀਬੀ ! ਤੂੰ ਚੁਪ ਰਹੀਂ।

ਇੰਦਰ ਸਿੰਘ : ਇਹਨਾਂ ਨੂੰ ਤਾਂ ਮੈਂ.. ਕਦੇ.. ਨਹੀਂ ਵੇਖਿਆ, ਕੌਣ ਨੇ ਇਹ ਭੈਣ ਜੀ?

ਮਹਿੰਦਰ ਕੌਰ : ਕੋਈ ਅੰਦਾਜਾ ਤਾਂ ਲਾ... ਬਹੁਤ ਸਾਲ ਪਹਿਲਾਂ.. ਕਦੀ ਮਿਲਿਆ ਹੋਵੇਂ, ਛੋਟੇ ਹੁੰਦਿਆਂ ਮਿਲਿਆ ਹੋਵੇਂ।

ਇੰਦਰ ਸਿੰਘ : ਮਿਲਿਆ ਹੋਵਾਂਗਾ ਪਰ ਨਹੀਂ.. ਯਾਦ ਨਹੀਂ, ਸਤਿ ਸ੍ਰੀ ਅਕਾਲ ਭੈਣ ਜੀ.. ਨਹੀਂ ਮੈਂ ਪਛਾਣਿਆ ਨਹੀਂ।

ਬਰਕਤ : ਜਿਊਂਦਾ ਰਹਿ ਵੀਰਾ... ਆਖਣਾ ਤੇ ਚਾਚਾ ਚਾਹੀਦੈ, ਉਮਰ 'ਚ ਭਾਵੇਂ ਮੇਰੇ ਨਾਲੋਂ ਛੋਟਾ ਐਂ ਪਰ ਰਿਸ਼ਤੇ 'ਚ ਵੱਡਾ... ਮੈਂ ਬਰਕਤ ਹਾਂ। ਤੈਨੂੰ ਯਾਦ ਐ ਬਾਹਰਲੇ ਵਾੜੇ ਵਿੱਚ ਕੋਹਲੂ ਹੁੰਦਾ ਸੀ।

ਇੰਦਰ ਸਿੰਘ : ਹਾਂ, ਉਹ ਤਾਂ ਅਜੇ ਵੀ ਇੱਕ ਪਾਸੇ ਪਿਐ ਓਥੇ, ਉਹ ਤਾਂ... ਚਾਚਾ ਮੌਲਾ ਬਖਸ਼! ਮੈਨੂੰ ਯਾਦ ਐ, ਉਹਦੀ ਇੱਕ ਗੱਲ ਕਈ ਵੇਰੀ ਕਰਕੇ ਲੋਕ ਹੱਸਦੇ ਹੁੰਦੇ ਸਨ।

ਬਰਕਤ : ਕਿਹੜੀ ਗੱਲ?

ਇੰਦਰ ਸਿੰਘ : ਕਿਸੇ ਨੇ ਕਹਿਣਾ ਮੌਲਾ ਬਖਸ਼, ਤੇਲ ਚੰਗਾ ਦੇਈਂ ਤੇ ਉਸ ਨੇ ਜੋਰ ਦੇ ਕੇ ਕਹਿਣਾ.. "ਸਹੁੰ ਸਿੱਲੂ ਦੀ ਜਵਾਂ ਈ ਨਖਾਲਸ ਐ" ਉਹਨੂੰ ਨਹੀਂ ਸੀ ਪਤਾ ਕਿ ਨਖਾਲਿਸ ਤੇ ਖਾਲਿਸ ਵਿੱਚ ਕੀ ਫਰਕ ਐ ਪਰ ਲੋਕ ਉਸ ਦੀ ਇਮਾਨਦਾਰੀ ਨੂੰ ਸਮਝਦੇ ਸੀ, ਜਾਣਦੇ ਸੀ... ਪਰ ਤੁਸੀਂ?

ਬਰਕਤ : ਮੈਂ ਸਿੱਲੂ ਦੀ ਭੈਣ ਆਂ ਬਰਕਤ।

ਇੰਦਰ ਸਿੰਘ : ਸਿੱਲੂ ਦੀਆਂ... ਦੋ ਭੈਣਾਂ ਸੀ, ਇੱਕ ਸ਼ਾਮੀ ਤੇ ਇੱਕ ਘੋਗਾਂ...

ਬਰਕਤ : ਮੈਨੂੰ ਛੋਟੀ ਹੁੰਦੀ ਨੂੰ ਘੋਗਾਂ ਆਖਦੇ ਸੀ।

ਇੰਦਰ ਸਿੰਘ : (ਬਹੁਤ ਖ਼ੁਸ਼ ਹੋ ਕੇ, ਬਾਹਾਂ 'ਚ ਲੈ ਕੇ...) ਤੂੰ ਘੋਗਾਂ, ਸੱਚੀਂ ਤੂੰ ਘੋਗਾਂ ਐਂ... ਚਾਚਾ ਮੌਲਾ ਬਖ਼ਸ਼ ਤੇ ਬਾਈ ਸਿੱਲੂ?

ਬਰਕਤ : ਸਭ ਅੱਲਾ ਨੂੰ ਪਿਆਰੇ ਹੋ ਗਏ, ਬੱਸ ਮੈਂ ਜਿਊਂਦੀ ਆਂ।

ਇੰਦਰ ਸਿੰਘ : ਚੰਗਾ ਹੋਇਆ ਤੂੰ ਜਿਊਂਦੀ ਐਂ ਪਰ ਤੂੰ ਅੱਜ ਕਿਵੇਂ... ਆ ਗਈ... ਤੁਸੀਂ ਤਾਂ...

ਬਰਕਤ : ਚਲੇ ਗਏ ਸੀ ਪਾਕਿਸਤਾਨ... ਚਲੇ ਤਾਂ ਗਏ ਸੀ ਪਰ ਮਨ ਇੱਥੇ ਹੀ ਭਟਕਦਾ ਰਿਹਾ... ਅੱਜ ਮੈਂ ਬਹੁਤ ਖ਼ੁਸ਼ ਹਾਂ। ਚਾਚੀ ਨੇ ਦਸਿਆ ਮੈਨੂੰ ਤੇਰੇ ਪੁੱਤਾਂ, ਧੀਆਂ ਤੇ ਸਾਰੇ ਪਰਵਾਰ ਬਾਰੇ। ਕਿੰਨਾਂ ਚੰਗਾ ਹੁੰਦਾ ਜੇ ਮੈਂ ਸਾਰਿਆਂ ਨੂੰ ਵੇਖ ਲੈਂਦੀ, ਮੈਂ ਬਹੁਤ ਖ਼ੁਸ਼ ਆਂ।

ਇੰਦਰ ਸਿੰਘ : ਮੈਂ ਵੀ ਬਹੁਤ ਖ਼ੁਸ਼ ਹਾਂ। ਤੂੰ ਸੋਚ ਨਹੀਂ ਸਕਦੀ ਮੈਨੂੰ ਕਿੰਨੀ ਦੌਲਤ ਮਿਲ ਗਈ ਹੈ। ਇਹ ਦੌਲਤ ਦੁਨਿਆਵੀ ਦੌਲਤ ਨਹੀਂ ਇਹ ਇਲਾਹੀ ਦੌਲਤ ਹੈ। ਤੈਨੂੰ ਨਹੀਂ ਪਤਾ ਅੱਜ ਕੀ ਮਿਲਿਆ ਹੈ ਮੈਨੂੰ...

ਬਰਕਤ : ਯਾ ਅੱਲਾ ਤੇਰਾ ਸ਼ੁਕਰ ਐ, ਸ਼ੁਕਰ ਹੈ...

ਇੰਦਰ ਸਿੰਘ : ਤੈਨੂੰ ਯਾਦ ਹੈ ਛੋਟੇ ਹੁੰਦਿਆਂ ਮੈਂ ਤੇਰੇ ਨਾਲ ਖੇਤਾਂ ਨੂੰ ਚਲਿਆ ਜਾਂਦਾ ਸਾਂ...

ਬਰਕਤ : ਹਾਂ, ਕਦੇ-ਕਦੇ ਤੂੰ ਜਾਂਦਾ ਸੀ ਸਾਡੇ ਨਾਲ।

ਇੰਦਰ ਸਿੰਘ : ਤੈਨੂੰ ਕੋਈ ਖਾਸ ਗੱਲ ਯਾਦ ਐ?

ਬਰਕਤ : ਖਾਸ! ਖਾਸ ਤਾਂ ਨਹੀਂ... ਨਹੀਂ ਯਾਦ ਨਹੀਂ...

ਇੰਦਰ ਸਿੰਘ : ਇੱਕ ਵੇਰ ਤੁਸੀਂ ਕਪਾਹ ਚੁਗਣ ਲਈ ਗਈਆਂ ਸੀ ਤੇ ਮੈਂ ਵੀ ਗਿਆ ਸੀ। ਓਥੇ ਮੈਨੂੰ ਪਿਆਸ ਲੱਗੀ ਤਾਂ

ਮੈਂ ਪਾਣੀ ਮੰਗਿਆ। ਤੁਸੀਂ ਸਭ ਚੋਣੀਆਂ ਘਬਰਾ ਗਈਆਂ ਕਿਉਂਕਿ ਤੁਸੀਂ ਆਪਣੇ ਆਪ ਨੂੰ ਨੀਵੀਂ ਜਾਤ ਦੀਆਂ ਸਮਝਦੀਆਂ ਸੋ, ਇਸ ਲਈ ਤੁਸੀਂ ਆਪਣਾ ਪਾਣੀ ਮੈਨੂੰ ਪਿਆ ਨਹੀਂ ਸਕਦੀਆਂ ਸੀ... ਫਿਰ ਇੱਕ ਕੁੜੀ ਨੇ ਤੈਨੂੰ ਸਲਾਹ ਦਿੱਤੀ ਕਿ ਖਾਲੇ ਤੋਂ ਮਿੱਟੀ ਲੈ ਕੇ ਤੂੰ ਆਪਣੇ ਹੱਥ ਕੂਹਣੀਆਂ ਤੱਕ ਧੋ ਲੈ। ਇਸ ਤਰ੍ਹਾਂ ਹੱਥਾਂ ਦੀ ਭਿੱਟ ਮਿਟ ਜਾਵੇਗੀ ਤੇ ਵਗਦੇ ਖਾਲ ਦਾ ਪਾਣੀ ਆਪਣੇ ਬੁੱਕ ਭਰ-ਭਰ ਕੇ ਪਿਆ ਦੇ। ਤੇ ਤੂੰ ਇਸ ਤਰ੍ਹਾਂ ਮੈਨੂੰ ਪਾਣੀ ਪਿਆ ਦਿੱਤਾ। ਇਹ ਗੱਲ ਮੈਂ ਵੀ ਭੁੱਲ-ਭੁਲਾ ਗਿਆ ਪਰ ਮੈਨੂੰ ਵੱਡੀ ਉਮਰ ਵਿੱਚ ਇਹ ਗੱਲ ਯਾਦ ਆ ਗਈ।

**ਬਰਕਤ** : ਮੈਨੂੰ ਤਾਂ ਯਾਦ ਨਹੀਂ... ਬਿਲਕੁੱਲ ਨਹੀਂ ਯਾਦ...

**ਇੰਦਰ ਸਿੰਘ** : ਮੈਂ ਬਹੁਤ ਵਾਰੀ ਸੋਚਦਾ ਸਾਂ ਜੇ ਉਹ ਕੁੜੀ ਮੈਨੂੰ ਮਿਲ ਜਾਵੇ ਤਾਂ ਉਸ ਭਿੱਟੇ ਹੱਥਾਂ ਵਾਲੀ ਦੇ ਪੈਰ ਵੀ ਚੁੰਮ ਲਵਾਂ... ਤੇ ਰੱਬ ਦੀ ਰਜਾ ਦੇਖ ਅੱਜ ਮੇਰੀ ਇਹ ਖ਼ਾਹਿਸ਼ ਪੂਰੀ ਹੋ ਰਹੀ ਐ।

(ਬਰਕਤ ਦੇ ਪੈਰ ਫੜ੍ਹ ਲੈਂਦਾ ਹੈ...)

**ਬਰਕਤ** : (ਗਲ-ਵਕੜੀ ਚ ਲੈਂਦੀ ਹੋਈ...) ਨਾ-ਨਾ ਮੈਂ ਉਮਰ ਵਿੱਚ ਤੈਥੋਂ ਵੱਡੀ ਆਂ ਪਰ ਰਿਸ਼ਤੇ 'ਚ ਤੂੰ ਮੇਰੇ ਤੋਂ ਵੱਡਾ ਹੈਂ, ਤੂੰ ਮੇਰਾ ਚਾਚਾ ਹੈਂ, ਤੂੰ ਮੇਰਾ ਚਾਚਾ ਈ ਰਹਿ।

**ਸਬਾ** : ਭਿੱਟੇ ਹੱਥ... ਭਿੱਟੇ... ਭਿੱਟੇ ਹੱਥਾਂ ਸੁੱਚੇ ਪੈਰਾਂ ਵਾਲੀ ਕਹਾਣੀ ਤਾਂ ਇੱਕ ਮੈਗਜ਼ੀਨ ਵਿੱਚ ਮੈਂ ਪੜ੍ਹੀ ਹੈ, ਸ਼ਾਹ-ਮੁਖੀ ਵਿੱਚ ਲਿਖੀ ਕਿਸੇ ਦੀ...

ਅਮਰਜੀਤ : ਬਾਬਾ ਜੀ ਦੀ ਹੀ ਹੈ ਇਹ ਕਹਾਣੀ...

ਸਬਾ : ਮਾਸ਼ਾ ਅੱਲਾ ! ਬਾਬਾ ਜੀ ਦੇ ਕਿਤਨੇ ਉੱਚੇ ਔਰ ਨੇਕ ਖਿਆਲ ਹੈਂ ! ਨਾਨੀ ਜੀ ਤੁਹਾਨੂੰ ਤਾਂ ਬਾਬਾ ਜੀ ਲੈ ਈ ਆਏ ਵਾਪਸ ਆਪਣੇ ਪਿੰਡ ਵਿੱਚ।

...ਪਰਦਾ ਡਿੱਗਦਾ ਹੈ.....]

# ਰਿਸ਼ਤੇ ਪੁਰਾਂ ਦੇ

## ਪਾਤਰ

ਪਾਲੀ
ਗੁਰੀ
ਭੂਪੀ
ਕਾਕੂ
ਹਰਮੇਲ ਕੌਰ
ਬਿੰਨੂ
ਭੂਆ
ਪ੍ਰੀਤਮ ਸਿੰਘ
ਦਲਜੀਤ ਕੌਰ

# 5 ਰਿਸ਼ਤੇ ਧੁਰਾਂ ਦੇ

## ਪਹਿਲੀ ਝਾਕੀ

ਪਰਦਾ ਖੁੱਲ੍ਹਦਾ ਹੈ.....

ਹਰੇ ਭਰੇ ਖੇਤ ਨਜ਼ਰ ਆਉਂਦੇ ਹਨ...
ਟਿਊਬਵੈੱਲ ਦੀ ਪਾਈਪ ਦਿਸਦੀ ਹੈ...
**ਪਾਲੀ** ਇੱਕ ਪਾਸਿਓਂ ਆ ਕੇ ਮੁੱਢ ਤੇ ਬੈਠਦਾ ਹੈ...
ਕਿਸੇ ਦੇ ਗਾਉਣ ਦੀ ਆਵਾਜ਼ ਆਉਂਦੀ ਹੈ...

ਆਵਾਜ਼ : ਕਾਲੀ ਤਿਤਰੀ ਕਮਦੋਂ ਨਿਕਲੀ ਤੇ
ਉਡਦੀ ਨੂੰ ਬਾਜ ਪੈ ਗਿਆ।
ਕਦੇ ਵਾਜ ਨਾ ਚੰਦਰੀਏ ਮਾਰੀਂ
ਚੂੜੇ ਵਾਲੀ ਬਾਂਹ ਕੱਢ ਕੇ...

(**ਗੁਰੀ** ਆਉਂਦਾ ਹੈ...)

ਪਾਲੀ : (ਅੱਗੇ ਆ ਕੇ ਹੱਥ ਮਿਲਾਉਂਦਾ ਹੋਇਆ...) ਆ ਬਈ ਗੁਰੀ ਸਤਿ ਸ੍ਰੀ ਅਕਾਲ।

ਗੁਰੀ : ਸਤਿ ਸ੍ਰੀ ਅਕਾਲ ਬਾਈ।

ਪਾਲੀ : ਆਹ ਤਾਂ ਤੂੰ ਵਧੀਆ ਕੀਤਾ, ਜੀ ਆਇਆਂ ਨੂੰ, ਮੈਂ ਤਾਂ ਬੱਸ ਐਥੋਂ ਜੋਗਾ ਈ ਰਹਿ ਗਿਆਂ, ਘਰੋਂ ਖੇਤ ਤੇ ਖੇਤੋਂ ਘਰ, ਕੋਹਲੂ ਦੇ ਬੈਲ ਵਾਂਗੂੰ ਏਸੇ ਚੱਕਰਾਂ 'ਚ ਗੇੜਾ ਖਾਈ ਜਾਈਦੈ... ਤੂੰ ਦੱਸ ਠੀਕ ਠਾਕ ਐਂ ਨਾ? ਲੱਠੇ ਦੀ ਛੀਟ ਜਿਵੇਂ ਤੂੰ ਬੋਲਦਾ ਹੁੰਦੈਂ...

ਗੁਰੀ : ਕਾਹਦੇ ਠੀਕ ਆਂ, ਬਾਈ! ਤੂੰ ਕਾਲਜ ਤਾਂ ਛੱਡਤਾ ਪਰ ਸਾਨੂੰ ਕਿਉਂ ਭੁਲਾਤਾ ਯਾਰਾ, ਮਿਲਣੋਂ ਈ ਰਹਿ ਗਿਆ।

ਪਾਲੀ : ਜਿਧਰ ਗਏ ਬਾਣੀਏ, ਉਧਰੇ ਗਏ ਬਜਾਰ।

ਗੁਰੀ : ਇਉਂ ਨਾ ਆਖ ਬਾਈ ਸਿਹਾਂ, ਬਾਣੀਏ ਵੀ ਓਥੇ ਈ ਐ ਤੇ ਬਜਾਰ ਵੀ ਓਥੇ ਈ ਐ। ਪਰ ਹਾਂ... ਰੌਣਕਾਂ ਲੈ ਗਿਆ ਤੂੰ, ਤੇਰੇ ਬਿਨਾ ਤਾਂ ਸੁੰਨ ਜੀ ਵਰਤਗੀ ਕਾਲਜ ਵਿੱਚ। ਸਾਰਾ ਸਾਲ ਸੋਗ ਜਿਹਾ ਈ ਪਿਆ ਰਿਹਾ ਕਾਲਜ ਵਿੱਚ।

ਪਾਲੀ : ਕਈਆਂ ਨੇ ਸੁਖ ਮਨਾਈ ਹੋਊ, ਦਿਲਾਂ ਦੀਆਂ ਪੂਰੀਆਂ ਹੋ ਗਈਆਂ ਹੋਣਗੀਆਂ।

ਗੁਰੀ : ਐਂ ਤਾਂ ਸਾਰਾ ਜੱਗ ਕੀਹਨੇ ਜਿਤਿਐ ਪਾਲੀ, ਪਰ ਰੌਣਕਾਂ ਤਾਂ ਯਾਰਾਂ ਨਾਲ ਈ ਹੁੰਦੀਆਂ ਨੇ। ਸਾਨੂੰ ਤਾਂ ਸੱਜਨਾਂ ਬਾਝ ਹਨੇਰਾ, ਚੰਦ ਭਾਵੇਂ ਨਿੱਤ ਚੜ੍ਹਦੈ।

ਪਾਲੀ : ਜਿਉਂਦਾ ਰਹਿ ਭਰਾਵਾ, ਐਵੇਂ ਤੇਰੇ ਕੋਲ ਕਾਲਜੇ ਦੀ ਚੀਸ ਨਿਕਲਗੀ। ਮੈਂ ਤਾਂ ਆਪ ਡਾਰੋਂ ਵਿਛੜੀ ਕੂੰਜ ਵਾਂਗ ਕੁਰਲਾਉਣ ਤੋਂ ਬਿਨਾਂ ਹੋਰ ਕੁੱਝ ਨਹੀਂ।

ਗੁਰੀ : ਤੂੰ ਬਹੁਤ ਕੁੱਝ ਕਰ ਰਿਹੈਂ ਤੇ ਕਰੇਂਗਾ, ਦਿਲ ਛੋਟਾ ਨਾ ਕਰ ਪਾਲੀ ਯਾਰ। ਅਸੀਂ ਤੇਰੇ ਦੁੱਖ ਨੂੰ ਸਮਝਦੇ ਆਂ। ਵੀਰ ਜੀ ਸਾਵਨ ਸਿੰਘ ਤੇਰੀਆਂ ਈ ਨਹੀਂ ਸਾਰੇ ਇਲਾਕੇ ਦੀਆਂ ਬਾਂਹਾਂ ਸੀ। ਸਾਰਾ ਇਲਾਕਾ ਸਦਮੇਂ 'ਚ ਐ।

ਪਾਲੀ : ਅਚਾਨਕ ਐਡਾ ਕੁਝ ਵਾਪਰਿਆ...

ਗੁਰੀ : ਲੋਕਾਂ ਨੇ ਗੱਡੀਆਂ ਤਾਂ ਲੈ ਲਈਆਂ, ਪਰ ਗੱਡੀ ਚਲਾਉਣ ਦੀ ਜਾਚ ਨਹੀਂ ਸਿਖੀ, ਰੋਜ ਐਕਸੀਡੈਂਟ

ਹੁੰਦੇ ਨੇ... ਪਰਵਾਰਾਂ ਦੇ ਪਰਵਾਰ ਪਲ ਦੇ ਪਲ ਵਿੱਚ ਮੁੱਕ ਜਾਂਦੇ ਨੇ ਪਰ...

ਪਾਲੀ : ਪਤਾ ਨਹੀਂ ਕੀ ਭਾਜੜ ਪਈ ਰਹਿੰਦੀ ਐ ਲੋਕਾਂ ਨੂੰ...

ਗੁਰੀ : ਭਾਬੀ ਜੀ ਤੇ ਡਿੰਪਲ ਹੁਣ ਠੀਕ ਨੇ?

ਪਾਲੀ : ਭਾਬੀ ਜੀ ਤਾਂ ਕੁਝ ਸੰਭਲੇ ਨੇ ਪਰ ਡਿੰਪਲ ਤਾਂ... ਉਹਦਾ ਰੋਣਾ ਈ ਬੰਦ ਨਹੀਂ ਹੁੰਦਾ... ਸੁੱਤਾ-ਸੁੱਤਾ ਵੀ ਰੋਣ ਲੱਗ ਜਾਂਦੈ... ਡਰ-ਡਰ ਕੇ ਉਠ ਬਹਿੰਦੈ ਤੇ ਡਡਿਆ ਡਡਿਆ ਕੇ ਰੋਂਦੈ... ਸਮਝ ਨਹੀਂ ਆਉਂਦੀ, ਪੂਰਾ ਵਰ੍ਹਾ ਹਸਪਤਾਲ ਦੇ ਚੱਕਰਾਂ 'ਚ ਈ ਲੰਘ ਗਿਆ।

ਗੁਰੀ : ਵਾਹਿਗੁਰੂ ਭਲੀ ਕਰੂਗਾ... ਉਸ ਨੇ ਦੁੱਖ ਦਿੱਤੈ, ਦਾਰੂ ਵੀ ਉਹੀ ਦੇਊ।

ਪਾਲੀ : ਚੱਲ, ਔਥੇ ਬਹਿੰਦੇ ਆਂ... (ਕਾਕੂ ਨੂੰ ਆਵਾਜ਼ ਦੇ ਕੇ ਕਹਿੰਦਾ ਹੈ...) ਕਾਕੂ, ਓਏ ਦੋ ਛੱਲੀਆਂ ਲਿਆ ਭੁੰਨ ਕੇ ਓਏ।

ਗੁਰੀ : ਨਹੀਂ ਪਾਲੀ, ਫੇਰ ਕਿਸੇ ਵੇਲੇ, ਮੈਂ ਲੇਟ ਹੋ ਜਾਵਾਂਗਾ। ਅੱਜ ਤਾਂ ਮੈਂ ਤੈਨੂੰ ਮੈਡਮ ਕੇ ਸਿੰਘ ਦਾ ਸਨੇਹਾ ਦੇਣ ਆਇਆ ਸੀ। ਉਹਨਾਂ ਨੇ ਤੈਨੂੰ ਮਿਲਣ ਲਈ ਬੁਲਾਇਐ।

ਪਾਲੀ : ਮੈਡਮ ਕੇ ਸਿੰਘ ਨੇ! ਕੀ ਗੱਲ?

ਗੁਰੀ : ਇਹ ਤਾਂ ਮੈਨੂੰ ਨਹੀਂ ਪਤਾ ਪਰ ਤੂੰ ਕਿਸੇ ਟਾਈਮ ਕੱਢ ਕੇ ਮਿਲ ਆਵੀਂ, ਮੈਂ ਚੱਲਦਾਂ...

ਪਾਲੀ : ਠਹਿਰਦਾ ਥੋੜਾ ਹੋਰ... ਮੈਂ ਕੋਸ਼ਿਸ਼ ਕਰਾਂਗਾ ਪਰ... ਮੈਡਮ ਨੂੰ ਮੇਰੇ ਵੱਲੋਂ ਸਤਿ ਸ੍ਰੀ ਅਕਾਲ ਕਹੀਂ...
(ਗੁਰੀ ਜਾਂਦਾ ਹੈ...)

(**ਭੂਪੀ** ਹੱਥ ਵਿੱਚ ਡੋਲੂ ਤੇ ਦੂਜੇ ਹੱਥ ਵਿੱਚ ਪੋਣੇ 'ਚ ਬੱਧੀ ਰੋਟੀ ਲੈ ਕੇ ਆਉਂਦੀ ਹੈ...)

ਭੂਪੀ : (ਉੱਚੀ ਆਵਾਜ਼ ਵਿੱਚ...) ਕਾਚੂ ਚਾਕੂ ਰੋਟੀ ਖਾ ਲੈ। ਆ ਜਾ ਫੱਟਾ-ਫੱਟ, ਝਟਾ-ਝਟ, ਮੈਂ ਜਾਣੈ ਮੁੜ ਕੇ... ਵੇ ਕਾਕੂ ਚਾਕੂ ਸੁਣਿਆ ਕਿ ਨਹੀਂ, ਆਜਾ ਆਜਾ...

(**ਕਾਕੂ,** ਮੋਢੇ ਤੇ ਕਹੀ ਚੁੱਕੀ ਆਉਂਦਾ ਹੈ...)

ਕਾਕੂ : ਨਾ ਤਾਇਆ, ਨਾ ਚਾਚਾ, ਨਾ ਬਾਪੂ (ਰੋਟੀ ਫੜਦਾ ਹੋਇਆ...) ਚਲ ਤੂੰ ਚਾਚੂ ਈ ਕਹਿ ਦਿਆ ਕਰ ਭੂਤਨੀਏਂ।

ਭੂਪੀ : ਚੁਪ ਕਰ ਕੇ ਰੋਟੀ ਫੜ ਲੈ... ਬਰਲ-ਬਰਲ ਕਰਦਾ ਰਹਿੰਦੈ... ਲੱਸੀ ਪੀ ਕੇ ਡੋਲੂ ਚੰਗੀ ਤਰ੍ਹਾਂ ਮਾਂਜ ਕੇ ਧੋ ਕੇ ਆਥਣੇ ਲੈਂਦਾ ਆਵੀਂ, ਨਹੀਂ ਤਾਂ ਸਵੇਰੇ ਲੱਸੀ ਨਹੀਂ ਮਿਲੂਗੀ।

ਕਾਕੂ : ਬੜੀ ਭੂਤਨੀ ਐ ਭੰਬੀਰੀ ਜੇਹੀ...

ਭੂਪੀ : (ਉੱਚੀ ਆਵਾਜ਼ ਵਿੱਚ) ਬੋਲ ਨਾ ਬਹੁਤਾ...

ਕਾਕੂ : ਕਿਵੇਂ ਸੂਈ ਗਿਦੜੀ ਵਾਂਗੂ ਪੈਂਦੀ ਐ ਓਏ।

ਭੂਪੀ : ਮੈਂ ਤੈਨੂੰ ਗਿਦੜੀ ਦਿਸਦੀ ਆਂ।

ਕਾਕੂ : ਤੇ ਹੋਰ ਤੂੰ ਸ਼ੇਰਨੀ ਐਂ ਜੋ ਖਾ ਜਾਵੇਂਗੀ ਮੈਨੂੰ?

ਭੂਪੀ : ਤੇ ਤੂੰ ਕਾਲੂ ਐਂ ਜੋ ਵੱਢ ਖਾਏਂਗਾ ਮੈਨੂੰ?

ਕਾਕੂ : ਠਹਿਰ ਜਰਾ ਵਢਦਾਂ ਤੇਰਾ ਗਲ।

ਭੂਪੀ : ਕਾਲੂ... ਕਾਲੂ... ਕਾਲੂ ਕਾਚੂ (ਮੂੰਹ ਚੜਾ ਕੇ ਦੌੜ ਜਾਂਦੀ ਹੈ... ਪਾਲੀ ਖਿੜ ਖਿੜਾ ਕੇ ਹਸਦਾ ਹੈ...)

ਕਾਕੂ : (ਖੁਸ਼ ਹੋ ਕੇ...) ਸ਼ੁਕਰ ਐ, ਸ਼ੁਕਰ ਐ ਰੱਬ ਦਾ, ਛੋਟੇ ਸਰਦਾਰ ਜੀ ਹੱਸੇ, ਹੱਸੇ ਸਰਦਾਰ ਜੀ। ਵਾਹ ਬਈ ਵਾਹ, ਭੰਬੀਰੀ ਨੇ ਭੁਆਤਾ ਛੋਟੇ ਸਰਦਾਰ ਜੀ ਨੂੰ...

ਪਾਲੀ : (ਫਿਰ ਹੱਸ ਕੇ...) ਭੂਪੀ ਠੀਕ ਹੀ ਕਹਿੰਦੀ ਐ ਤੂੰ ਕਾਕੂ ਨਹੀਂ ਚਾਕੂ ਈ ਐਂ... ਨਾ ਸੱਚ ਕਾਚੂ....

ਕਾਕੂ : ਛੋਟੇ ਸਰਦਾਰਾ! ਤੂੰ ਹੁਣ ਨਾ ਛੋਟੀ ਸਰਦਾਰਨੀ ਲੈ ਈ ਆ। ਵੱਡੇ ਭਾਬੀ ਜੀ ਨੂੰ ਵੀ ਸਾਥ ਮਿਲ ਜਾਊ, ਘਰ ਵਿੱਚ ਰੌਣਕ ਹੋ ਜਾਊ।

ਪਾਲੀ : ਮੂੰਹ ਬੰਦ ਰਖਿਆ ਕਰ, ਤੇ ਮੂੰਹਾਂ ਮੋੜ ਜਾ ਕੇ, ਕਿਆਰਾ ਭਰ ਗਿਆ ਹੋਣੈਂ। ਪਾਣੀ ਜ਼ਾਇਆ ਨਹੀਂ ਹੋਣਾ ਚਾਹੀਦਾ। ਪਾਣੀ ਵੀ ਬਚਾਉਣੈ ਤੇ ਬਿਜਲੀ ਦੀ ਵੀ ਬੱਚਤ ਕਰਨੀ ਐ...

(ਕਾਕੂ ਰੋਟੀ ਖਾਂਦਾ ਹੀ ਉੱਠਦਾ ਹੈ ਅਤੇ ਕਹੀ ਚੁੱਕ ਕੇ ਦੌੜ ਜਾਂਦਾ ਹੈ... ਪਾਲੀ ਮੱਥੇ ਤੇ ਹੱਥ ਰੱਖ ਕੇ ਬਾਹਰ ਦੇਖਦਾ ਹੈ...)

ਇਹ ਮੈਂ ਕੀ ਵੇਖ ਰਿਹਾ ਹਾਂ (ਅੱਖਾਂ ਨੂੰ ਮਲ ਕੇ...) ਅੱਖਾਂ ਤਾਂ ਠੀਕ ਨੇ ਮੇਰੀ ਨਜ਼ਰ... ਨਜ਼ਰ ਤਾਂ ਠੀਕ ਐ... ਹੈਂ... ਇਹ ਕੌਣ ਹੈ? ਹਰਮੇਲ... (ਅੱਗੇ ਹੋ ਕੇ...) ਹਰਮੇਲ?

(**ਹਰਮੇਲ ਕੌਰ** ਆਉਂਦੀ ਹੈ...)
ਮੈਂ ਵੀ ਸੋਚਾਂ ਇਹ ਨਰਮਾਂ ਕਿਉਂ ਹੱਸੀ ਜਾਂਦੈ ਤੇ ਸੰਦਲੀ ਹਵਾ ਦੇ ਬੁੱਲੇ ਮੈਨੂੰ ਕਿਉਂ ਛੇੜਦੇ ਨੇ...

ਹਰਮੇਲ : ਕਿੰਨੇ ਵੱਡੇ ਕਵੀ ਬਣ ਗਏ ਹੋ ਪਾਲੀ।

ਪਾਲੀ : ਜਿੰਨਾ ਵੱਡਾ ਤੂੰ ਬਣਾਏਂਗੀ ਹਰਮੇਲ।

ਹਰਮੇਲ : ਮੈਂ ਕੌਣ ਆਂ ਕੁਝ ਬਣਾਉਣ ਵਾਲੀ, ਹਰ ਕੋਈ ਹੀ ਅਪਨੀ ਤਕਦੀਰ ਆਪ ਬਣਾਉਂਦੈ।

ਪਾਲੀ : ਪਰ ਮੈਂ ਆਪਣੀ ਤਕਦੀਰ ਨਹੀਂ ਬਣਾ ਸਕਿਆ।

ਹਰਮੇਲ : ਕਸੂਰ ਕਿਸ ਦਾ ਐ?

ਪਾਲੀ : ਕਸੂਰ ਤਕਦੀਰ ਦਾ।

ਹਰਮੇਲ : ਪਾਲੀ...

ਪਾਲੀ : ਹਰਮੇਲ...

(ਇੱਕ ਦੂਜੇ ਵਲ ਇੱਕ-ਟੱਕ ਵੇਖਦੇ ਰਹਿੰਦੇ ਹਨ...)

ਪਾਲੀ : ਤੈਨੂੰ ਐਥੇ ਨਹੀਂ ਸੀ ਆਉਣਾ ਚਾਹੀਦਾ ਹਰਮੇਲ।

ਹਰਮੇਲ : ਕਿਉਂ?

ਪਾਲੀ : ਤੂੰ ਹੁਣ ਇੱਕ ਸ਼ਰੀਫ ਆਦਮੀ ਦੀ ਇੱਜ਼ਤ ਹੈਂ। ਤੇਰੀ ਚੁੰਨੀਂ ਦਾ ਪੱਲਾ ਕਿਸੇ ਦੀ ਪੱਗ ਦਾ ਟੌਰਾ ਹੈ। ਸ੍ਰੀ ਗੁਰੂ ਗਰੰਥ ਸਾਹਿਬ ਦੀ ਪਵਿੱਤਰ ਹਾਜ਼ਰੀ ਵਿੱਚ ਤੂੰ ਕਿਸੇ ਸਿਹਰੇ ਵਾਲੇ ਦਾ ਲੜ ਫੜ ਕੇ ਇੱਕ ਵਚਨ ਲਿਆ ਹੈ।

ਹਰਮੇਲ : ਘਬਰਾ ਨਾ ਪਾਲੀ ਤੇ ਮੈਨੂੰ ਏਨੀ ਹੌਲੀ ਨਾ ਸਮਝ। ਮੈਨੂੰ ਆਪਣੇ ਆਪ ਤੇ ਵਿਸ਼ਵਾਸ ਹੈ ਤੇ ਤੇਰੇ ਤੇ ਵੀ। ਪਰ ਗੁਰੂ ਜਾਣਦੈ ਦੁਨੀਆਂ ਨੇ ਮੇਰੇ ਹੱਥੋਂ ਤੇਰਾ ਲੜ ਛਡਵਾ ਕੇ ਕਿਸੇ ਦੇ ਪੱਲੇ ਬੰਨ੍ਹ ਦਿਤੈ। ਹੁਣ ਮੈਂ ਦੁਨੀਆਂ ਤੋਂ ਨਹੀਂ ਡਰਦੀ ਪਾਲੀ, ਮੈਂ ਕਿਸੇ ਤੋਂ ਨਹੀਂ ਡਰਦੀ ਪਰ ਤੂੰ ਡਰਦੈਂ... ਜੇ ਨਹੀਂ ਡਰਦੈਂ ਤਾਂ ਉਡੀਕਦਾ ਕਿਉਂ ਰਹਿੰਦੈਂ, ਹਉਕੇ ਕਿਉਂ ਭਰਦੈਂ... ਤੂੰ ਓਹੀਓ ਗੱਲ ਕੀਤੀ ਆ... "ਨਾਲੇ ਸ਼ਰਮ ਹਯਾ ਦੀ ਲਾਜ ਰਖੇਂ, ਨਾਲੇ ਨੈਣ ਨੈਣਾਂ ਸੰਗ ਜੋੜਨੀ ਐਂ, ਦਿਲ ਚਾਹੁੰਦਾ ਈ ਗਲ ਲਗਣੇ ਨੂੰ, ਨਾਲੇ ਘੁੰਡ ਕਢੇਂ ਮੁਖ ਮੋੜਨੀ ਐਂ"... ਤੇਰੇ ਵਰਗੇ ਚੰਦ ਦੇ ਸਾਹਮਣੇ ਆਉਣ

ਤੋਂ ਮੈਨੂੰ ਕੀ ਝਿਜਕ ਐ ਪਾਲੀ, ਤੇਰੀ ਚਾਨਣੀ ਨਾਲ ਤਾਂ ਮੈਂ ਕਾਲੀ ਰਾਤ ਚਿੱਟੀ ਦੁੱਧ ਹੋਈ ਪਈ ਆਂ।

ਪਾਲੀ : ਦੁਨੀਆਂ ਇਹਨਾਂ ਗੱਲਾਂ ਨੂੰ ਨਹੀਂ ਸਮਝਦੀ ਹਰਮੇਲ।

ਹਰਮੇਲ : ਰੱਬ ਜਾਣਦੈ, ਪਾਲੀ ਚੰਦ ਐ ਤੇ ਹਰਮੇਲ ਚਾਨਣੀ, ਧਰਤੀ ਦਾ ਪਰਛਾਵਾਂ ਚੰਦ ਤੇ ਪੈ ਗਿਆ ਤੇ ਚਾਨਣੀ ਗ੍ਰਹਿਣ ਗਈ ਐ।

ਪਾਲੀ : ਮੈਂ ਸ਼ਰਮਿੰਦਾ ਹਾਂ ਹਰਮੇਲ, ਮੁਆਫ ਕਰ ਦੇ ਮੈਨੂੰ।

ਹਰਮੇਲ : ਮੈਂ ਕੌਣ ਆਂ ਮੁਆਫ ਕਰਨ ਵਾਲੀ। ਮੁਆਫੀ ਮੰਗ ਇਹਨਾਂ ਪੈਲੀਆਂ ਤੋਂ, ਬੇਰੀਆਂ ਟਾਹਲੀਆਂ ਤੇ ਤੂਤਾਂ ਤੋਂ, ਜੋ ਤੈਨੂੰ ਉਦਾਸ ਵੇਖ-ਵੇਖ ਅੰਦਰੋ-ਅੰਦਰੀ ਸੜਦੇ ਰਹਿੰਦੇ ਨੇ।

ਪਾਲੀ : ਇਹ ਫਸਲਾਂ ਤਾਂ ਛੂਕਾਂ ਮਾਰ-ਮਾਰ ਕੇ ਮੇਰੇ ਸੜਦੇ ਹਿਰਦੇ ਨੂੰ ਠਾਰਦੀਆਂ ਨੇ...

ਹਰਮੇਲ : ਇਹਨਾਂ ਦੀਆਂ ਹਰਿਆਵਲਾਂ ਨੂੰ ਲੂਹ ਦਿੱਤੈ ਤੇਰੇ ਹੌਕਿਆਂ ਨੇ। ਖੇਤਾਂ ਦੇ ਜਨੌਰ ਤੈਨੂੰ ਵੇਖ-ਵੇਖ ਕਰਲੌਂਦੇ ਫਿਰਦੇ ਨੇ, ਕੀ ਹਾਲ ਬਣਾ ਲਿਆ ਤੂੰ ਆਪਣਾ... ਮੈਂ ਵੇਖ ਭੱਠੀ 'ਚ ਪੈ ਕੇ ਵੀ ਕਿਵੇਂ ਦੱਗ-ਦੱਗ ਕਰਦੀ ਆਂ ਤੇ ਭੱਖ-ਭੱਖ ਜਾਂਦੀ ਆਂ ( ਰੋ ਪੈਂਦੀ ਹੈ...)

ਪਾਲੀ : ਨਾ ਰੋ ਹਰਮੇਲ, ਰੱਬ ਦਾ ਵਾਸਤੈ... ਮੈਂ ਤੈਨੂੰ ਰੋਂਦੀ ਨੂੰ ਨਹੀਂ ਵੇਖ ਸਕਦਾ।

ਹਰਮੇਲ : ਮੈਂ ਤਾਂ ਵੇਖ ਸਕਦੀ ਆਂ ਤੈਨੂੰ... ਤੇ ਤੂੰ ਮੇਰੀ ਚਿੱਠੀ ਦਾ ਜਵਾਬ ਕਿਉਂ ਨਹੀਂ ਸੀ ਦਿੱਤਾ?

ਪਾਲੀ : ਮੈਂ ਚਾਹੁੰਦਾ ਹਾਂ ਹਰਮੇਲ ਤੂੰ ਹੁਣ ਮੈਨੂੰ ਭੁੱਲ ਜਾਵੇਂ ਤੇ ਆਪਣੇ ਘਰ ਸੁੱਖੀ ਵਸੇਂ ਰਸੇਂ...

ਹਰਮੇਲ : ਤੇ ਤੂੰ ਮੈਨੂੰ ਕਿਉਂ ਨਹੀਂ ਭੁੱਲਾ ਦਿੰਦਾ ਤੇ ਆਪਣਾ ਘਰ ਬਣਾਉਂਦਾ ਤੇ ਸੁਖੀ ਵਸਦਾ...

ਪਾਲੀ : ਮੇਰੇ ਤੇ ਤੇਰੇ ਵਿੱਚ ਬਹੁਤ ਫਰਕ ਐ ਹਰਮੇਲ।

ਹਰਮੇਲ : ਤੇ ਜੇ ਮੈਂ ਤੇਰੇ ਵਾਂਗ ਸ਼ਰਾਬ ਪੀਣ ਲੱਗ ਜਾਵਾਂ ਫੇਰ ਤਾਂ ਕੋਈ ਫਰਕ ਨਹੀਂ ਰਹੇਗਾ ਤੇਰੇ ਤੇ ਮੇਰੇ ਵਿੱਚ...

ਪਾਲੀ : ਨਹੀਂ ਹਰਮੇਲ ਮੈਂ ਸ਼ਰਾਬ ਨਹੀਂ ਪੀਂਦਾ।

ਹਰਮੇਲ : ਝੂਠ.. ਝੂਠ ਤਾਂ ਨਾ ਬੋਲ ਪਾਲੀ...

ਪਾਲੀ : ਤੇਰੇ ਵਿਆਹ ਤੋਂ ਬਾਅਦ ਪੀਣ ਲੱਗ ਪਿਆ ਸਾਂ, ਪਰ ਜਿਸ ਦਿਨ ਤੇਰੀ ਚਿੱਠੀ ਆਈ ਉਸ ਦਿਨ ਤੋਂ ਬੰਦ ਕਰ ਦਿੱਤੀ ਸੀ।

ਹਰਮੇਲ : ਜੇ ਤੂੰ ਬਾਕੀ ਗੱਲਾਂ ਵੀ ਮੰਨ ਲਵੇਂ ਪਾਲੀ ਤਾਂ ਮੈਂ ਕੁਝ ਦੇਰ ਹੋਰ ਜਿਉਂਦੀ ਰਹਿ ਸਕਾਂਗੀ...

ਪਾਲੀ : ਮੇਰੀ ਉਮਰ ਵੀ ਤੈਨੂੰ ਲੱਗ ਜਾਏ ਹਰਮੇਲ ਰੱਬ ਕਰ ਕੇ।

ਹਰਮੇਲ : ਮੈਨੂੰ ਤੇਰੀ ਉਮਰ ਨਹੀਂ ਚਾਹੀਦੀ, ਤੇਰੀ ਤੇ ਤੇਰੇ ਪਰਵਾਰ ਦੀ ਖੁਸ਼ੀ ਚਾਹੀਦੀ ਐ। ਵੀਰ ਜੀ ਸਾਵਨ ਸਿੰਘ ਦੇ ਐਕਸੀਡੈਂਟ ਵਿੱਚ ਸੁਰਗਵਾਸ ਹੋਣ ਨਾਲ ਤੇਰੇ ਪਰਿਵਾਰ ਤੇ ਮੁਸ਼ਕਲਾਂ ਦਾ ਪਹਾੜ ਡਿਗ ਪਿਐ, ਤੇਰੇ ਮੋਢਿਆਂ ਤੇ ਵੱਡੀ ਜ਼ਿੰਮੇਵਾਰੀ ਆ ਪਈ ਐ। ਅਸੀਂ ਭਾਬੀ ਜੀ ਨੂੰ ਮਿਲਣ ਗਏ ਸੀ ਪਟਿਆਲੇ ਹਸਪਤਾਲ ਵਿੱਚ... ਪਤੀ ਦੀ ਮੌਤ ਤੇ ਪੁੱਤ ਦੀ ਸਿਹਤ ਦੀ ਚਿੰਤਾ... ਬਹੁਤ ਵੱਡਾ ਸਦਮਾ ਪਹੁੰਚਿਐ ਉਹਨਾਂ ਨੂੰ...

ਪਾਲੀ : ਚੱਲ ਘਰ ਚੱਲਦੇ ਆਂ।

ਹਰਮੇਲ : ਨਹੀਂ, ਇੱਕ ਗਰੀਬ ਰਿਫਿਊਜੀ ਕੁੜੀ ਦੇ ਪੈਰਾਂ ਨਾਲ ਸਰਦਾਰਾਂ ਦੀ ਹਵੇਲੀ ਮੈਲੀ ਹੋ ਜਾਏਗੀ।

| | |
|---|---|
| ਪਾਲੀ | : ਛੱਡ ਹਰਮੇਲ ਉਸ ਗੱਲ ਨੂੰ, ਹੁਣ ਤਾਂ ਨਾ ਸਰਦਾਰ ਰਹੇ ਨੇ ਤੇ ਨਾ ਹਵੇਲੀ। ਭਾਬੀ ਨੂੰ ਤਾਂ ਤੂੰ ਵੇਖ ਈ ਆਈ ਐਂ ਤੇ ਖਾਲੀ ਪਈ ਹਵੇਲੀ ਭਾਂ-ਭਾਂ ਕਰਦੀ ਐ... |
| ਹਰਮੇਲ | : ਹੁਣ ਤਾਂ ਮੈਨੂੰ ਭਾਬੀ ਜੀ ਤੇ ਵੀ ਗੁੱਸਾ ਨਹੀਂ ਸਗੋਂ ਤਰਸ ਆਉਂਦੈ। |
| ਪਾਲੀ | : ਜੇ ਤੂੰ ਗੁੱਸਾ ਕਰੇਂ ਵੀ ਤਾਂ ਤੇਰਾ ਗੁੱਸਾ ਵੀ ਜਾਇਜ਼ ਐ। |
| ਹਰਮੇਲ | : ਜਾਇਜ਼ ਨਜਾਇਜ਼ ਸਭ ਛੱਡ ਤਾ... ਡਿੰਪਲ ਦਾ ਹੁਣ ਕੀ ਹਾਲ ਐ? |
| ਪਾਲੀ | : ਪਹਿਲਾਂ ਤੋਂ ਕਾਫੀ ਠੀਕ ਐ। ਪਰ ਕਈ ਵੇਰ ਸੁੱਤਾ ਪਿਆ ਪਾਪਾ-ਪਾਪਾ ਕਹਿ ਕੇ ਰੋਣ ਲੱਗ ਜਾਂਦੈ.... ਚੱਲੇਂਗੀਂ ਨਾ ਘਰ... |
| ਹਰਮੇਲ | : ਘਰ? ਕੀ ਕਰਾਂਗੀ ਘਰ... ਤੇ... |
| ਪਾਲੀ | : ਤੇ ਕੀ... ਘਰ ਸਿਰਫ ਭੂਆ ਐ। |
| ਹਰਮੇਲ | : ਮੇਰੇ ਬਾਪੂ ਜੀ ਨੂੰ ਚੰਗਾ ਨਹੀਂ ਲੱਗੇਗਾ, ਜੇ ਪਤਾ ਲੱਗ ਗਿਆ... |
| ਪਾਲੀ | : ਤੇਰੇ ਬਾਪੂ ਜੀ ਮੈਨੂੰ ਸਮਝਦੇ ਨੇ। |
| ਹਰਮੇਲ | : ਜੇ ਤੇਰੇ ਭਾਬੀ ਜੀ ਵੀ ਤੈਨੂੰ ਸਮਝ ਜਾਂਦੇ ਪਾਲੀ... |
| ਪਾਲੀ | : ਫੇਰ ਸਰਦਾਰਾਂ ਦੀ ਹਵੇਲੀ ਦੇ ਬਨੇਰੇ ਢਹਿਣੋਂ ਕਿਵੇਂ ਬਚਦੇ। |
| ਹਰਮੇਲ | : ਪਰ ਦੋ ਦਿਲਾਂ ਦੀ ਢੋਕ ਢਹਿੰਦੀ ਕਿਸੇ ਨੇ ਨਹੀਂ ਵੇਖੀ। |
| ਪਾਲੀ | : ਕੋਈ ਹੋਰ ਗੱਲ ਕਰ ਹਰਮੇਲ। |

ਹਰਮੇਲ : ਅਸਲ ਵਿੱਚ ਮੈਂ ਗੱਲ ਤੇ ਹੋਰ ਈ ਕਰਨ ਆਈ ਆਂ।

ਪਾਲੀ : ਹੋਰ ਗੱਲ? ਕਿਹੜੀ ਗੱਲ ਕਰਨੀ ਐਂ... ਦੱਸ ਫੇਰ।

ਹਰਮੇਲ : ਇਨਕਾਰ ਨਾ ਕਰੀਂ।

ਪਾਲੀ : ਐਡੀ ਮੇਰੀ ਹਿੰਮਤ ਕਿੱਥੇ ਕਿ ਮੈਂ ਤੈਨੂੰ ਇਨਕਾਰ ਕਰਾਂ।

ਹਰਮੇਲ : ਪਹਿਲਾਂ ਵਚਨ ਦੇਹ।

ਪਾਲੀ : ਵਚਨ ਤਾਂ ਪਹਿਲਾਂ ਵੀ ਦਿੱਤਾ ਸੀ ਮੈਂ ਨਿਭਾ ਨਹੀਂ ਸਕਿਆ, ਹੁਣ ਵਚਨ ਤੋਂ ਬਿਨਾਂ ਈ ਦੱਸ।

ਹਰਮੇਲ : ਮੇਰੇ ਜਾਣ ਤੋਂ ਬਾਅਦ ਤੇਰੇ ਦਿਲ 'ਚ ਜਿਹੜੀ ਥਾਂ ਖਾਲੀ ਹੋ ਗਈ ਐ ਉਸ ਨੂੰ ਭਰ ਲੈ।

ਪਾਲੀ : ਖਾਲੀ ਤਾਂ ਹੋਣ ਦੇ, ਫੇਰ ਭਰ ਲਵਾਂਗਾ।

ਹਰਮੇਲ : ਤੂੰ ਮੇਰੇ ਆਖੇ ਕਦੀ ਨਹੀਂ ਲਗਿਆ ਪਾਲੀ, ਤੈਨੂੰ ਇਸ ਹਾਲ ਵਿੱਚ ਵੇਖ ਕੇ ਮੈਂ ਜਿਉਂਦੀ ਨਹੀਂ ਰਹਿ ਸਕਾਂਗੀ, ਮੈਂ ਮਰ ਜਾਵਾਂਗੀ ਪਾਲੀ... (ਜਾਂਦੀ ਹੋਈ ਮੁੜ ਕੇ...) ਸੋਚ ਲਵੀਂ....।

*..ਪਰਦਾ...।*

## ਦੂਜੀ ਝਾਕੀ

ਪਰਦਾ ਖੁੱਲ੍ਹਦਾ ਹੈ.....

ਬਿੰਨੂ : (ਉੱਚੀ ਆਵਾਜ ਨਾਲ...) ਭੂਪੀ, ਕੁੜੇ ਭੂਪੀ, ਭੂਪਾ (ਹੱਥ ਵਿੱਚ ਫੜੀ ਸੋਟੀ ਜ਼ਮੀਨ ਤੇ ਮਾਰ ਕੇ ਖੜਕਾ ਕਰਦਾ ਹੈ...) ਭੂਪੀ !

(**ਭੂਆ** ਆਉਂਦੀ ਹੈ...)

ਭੂਆ : ਬਿੰਨੂ ਤੂੰ ਕਿਧਰ ਠੇਡੇ ਖਾਂਦਾ ਫਿਰਦੈਂ, ਬੈਠ ਨਹੀਂ ਹੁੰਦਾ ਘਰ ਰਾਮ ਨਾਲ।

ਬਿੰਨੂ : ਰਾਮ ਮੇਰੇ ਕਰਮਾਂ 'ਚ ਕਿੱਥੇ ਭੂਆ। ਆਹ ਭੂਪੀ ਤਾਂ ਨਹੀਂ ਆਈ ਐਧਰ।

ਭੂਆ : ਨਾ ਐਧਰ ਤਾਂ ਨਹੀਂ ਆਈ। ਜੁਆਕਾਂ ਨਾਲ ਖੇਡਦੀ ਹੋਣੀ ਐ ਐਧਰ ਔਧਰ, ਆ ਜਾਊਗੀ।

ਬਿੰਨੂ : ਦਿਨ ਤਾਂ ਖੇਡਣ ਦੇ ਈ ਸੀ, ਪਰ ਮਾਂ ਦੀ ਮੌਤ ਨੇ ਵਿਚਾਰੀ ਨੂੰ ਜੰਮਦੀ ਨੂੰ ਕੰਮੀਂ ਲਾ ਦਿੱਤਾ।

ਭੂਆ : ਜੋ ਲਿਖ ਤਾ ਕਰਤਾਰ ਨੇ ਕਰਮਾਂ 'ਚ ਸੋਈਓ ਭੋਗਣੈ, ਬੰਦੇ ਦੇ ਕੀ ਵੱਸ ਐ।

ਬਿੰਨੂ : ਵੱਸ ਵਿੱਚ ਹੁੰਦਾ ਤਾਂ ਕੀ ਲੈਣਾ ਸੀ ਜੀ ਕੇ... ਮਰ ਨਾ ਜਾਂਦਾ, ਅੱਖਾਂ ਤੋਂ ਬਿਨਾਂ ਕਾਹਦੀ ਜੂਨ ਐ, ਨਾ ਜਿਉਂਦਿਆਂ 'ਚ ਨਾ ਮਰਿਆਂ 'ਚ। ਏਸ ਮਸੂਮ ਨੂੰ ਜਦ ਔਖੀ ਹੁੰਦੀ ਨੂੰ ਵੇਖਦਾਂ ਤਾਂ ਸੋਚਦਾਂ ਮੈਂ ਵੀ ਮਰ ਜਾਂਦਾ। ਇਹਦੇ ਤਸੀਹੇ ਮੈਥੋਂ ਜਰ ਨਹੀਂ ਹੁੰਦੇ... ਜਾਨ ਬਹੁਤ ਔਖੀ ਹੁੰਦੀ ਐ ਭੂਆ।

ਭੂਆ : ਮਰਨਾ ਕਿਹੜਾ ਸੌਖਾ ਐ ਬਿੰਨੂ, ਇਹ ਕਹਿਣ ਦੀਆਂ ਗੱਲਾਂ ਨੇ। ਤੇਰੇ ਵਾਂਗ ਮੇਰਾ ਜੀ ਵੀ ਕਦੇ ਕਦੇ ਔਖਾ ਹੁੰਦੈ ਤਾਂ ਮੈਂ ਆਵਦਾ ਆਪ ਜਾਣੀ ਖੋਹ ਸੁਟਦੀ ਆਂ। ਕਈ ਵਾਰ ਮੇਰੇ ਮਨ 'ਚ... ਆਉਂਦੈ ਕਿ ਕੋਈ ਖੂਹ ਟੋਭਾ ਗੰਦਾ ਕਰ ਦਿਆਂ।

ਬਿੰਨੂ : ਉੱਚੇ ਚੜ੍ਹ ਕੇ ਵੇਖਿਆ ਘਰ-ਘਰ ਇਹੋ ਅੱਗ।

ਭੂਆ : ਨਿੱਕੀ ਜਿਹੀ ਸਾਂ ਜਦੋਂ ਮਾਂ ਮਰ ਗਈ। ਰੋਂਦੀ ਰੋਂਦੀ ਸੌਂ ਜਾਂਦੀ, ਜਾਗਦੀ ਤਾਂ ਫੇਰ ਰੋਂਦੀ। ਬਾਪੂ ਕਿਹੜਾ ਘੱਟ

ਦੁਖੀ ਸੀ ਨਾਲੇ ਗਾਲਾਂ ਕੱਢਦਾ ਨਾਲੇ ਰੋਂਦਾ ਤੇ ਫੇਰ ਇੱਕ ਦਿਨ ਉਹ ਵੀ ਤੁਰ ਗਿਆ। ਨਾ ਮੇਰਾ ਤਾਇਆ ਨਾ ਚਾਚਾ, ਭੈਣ ਨਾ ਭਰਾ, ਤੇ ਰੋਣਾ ਵੀ ਨਾ ਆਉਂਦਾ। ਲੋਕਾਂ ਦੀਆਂ ਜੂਠਾਂ ਤੇ ਠੇਡੇ ਖਾ ਕੇ ਵੱਡੀ ਹੋਈ। ਸਾਡੇ ਘਰਾਂ 'ਚ ਇੱਕ ਬੁੜ੍ਹਾ ਸੀ ਉਸ ਨੇ ਮੇਰਾ ਵਿਆਹ ਕਰਵਾ ਦਿੱਤਾ। ਮੈਂ ਸੋਚਿਆ ਮੇਰੇ ਦੁੱਖ ਕੱਟੇ ਗਏ... ਪਰ ਕਿਸਮਤ ਨੂੰ ਕੁਸ ਹੋਰ ਈ ਮਨਜ਼ੂਰ ਸੀ। ਵਿਆਹ ਵਾਲੀ ਰਾਤ ਈ ਮੇਰਾ ਪਰੌਣਾ ਸ਼ਰਾਬ ਪੀ ਕੇ ਮਰ ਗਿਆ।

ਬਿੰਨੂ : ਤਾਂ ਤੇ ਮੇਰੇ ਵਾਂਗ ਤੂੰ ਵੀ ਕਰਮਾਂ ਦੀ ਬਲੀ ਐਂ।

ਭੂਆ : ਸੱਸ ਨੇ ਸਗਨਾਂ ਦੀ ਥਾਂ ਗਾਲਾਂ, ਫਟਕਾਰਾਂ ਤੇ ਧਕਿਆਂ ਨਾਲ ਮੇਰੀ ਝੋਲੀ ਭਰਤੀ। ਕਲਹਿਣੀ, ਕਲੱਛਨੀ, ਕਲਜੋਗਣ ਤੇ ਚੜੇਲ ਕਹਿ ਕੇ ਘਰੋਂ ਕੱਢ ਤਾ ਪਰ ਮੈਂ ਮਰ ਨਾ ਸਕੀ। ਲੋਕਾਂ ਦੇ ਭਾਂਡੇ ਮਾਂਜੇ, ਗੋਹੇ-ਕੂੜੇ ਕੀਤੇ, ਗਾਲਾਂ ਸੁਣੀਆਂ, ਧੱਕੇ ਖਾਧੇ ਪਰ ਮੌਤ ਨਹੀਂ ਆਈ। ਸੁਰਗਾਂ ਵਿਚ ਵਾਸਾ ਹੋਵੇ ਵਚਾਰੇ ਸਾਵਨ ਸਿਹੁੰ ਦਾ। ਇੱਕ ਦਿਨ ਗੱਲਾਂ ਗੱਲਾਂ ਵਿੱਚ ਮੇਰਾ ਗੋਤ ਉਸ ਨੂੰ ਪਤਾ ਲੱਗ ਗਿਆ ਤੇ ਕਹਿੰਦਾ ਤੂੰ ਤਾਂ ਫੇਰ ਮੇਰੀ ਭੂਆ ਲੱਗੀ ਤੇ ਇਉਂ ਓਹਨੇ ਮੈਨੂੰ ਮਾਈ ਤੋਂ ਭੂਆ ਬਣਾ ਤਾ। ਇਹ ਓਹਦੇ ਪੈਰੋਂ ਈ ਐ ਅੱਜ ਸਾਰਾ ਪਿੰਡ ਮੈਨੂੰ ਭੂਆ ਕਹਿ ਕੇ ਬੁਲਾਉਂਦੈ। ਮੈਂ ਤਾਂ ਭੁੱਲ ਈ ਗਈ ਸਾਂ ਸਾਰੀ ਉਮਰ ਦੇ ਦੁੱਖ, ਪਰ ਸਾਵਨ ਸਿਹੁੰ ਦੀ ਚਾਨ-ਚੱਕ ਮੌਤ ਨੇ ਤੇ ਮੇਰੀ ਜਾਨ ਈ ਕੱਢ ਤੀ... ਉਹਦੀ ਥਾਂ ਮੈਂ ਮਰ ਜਾਂਦੀ... ਮੇਰੇ ਬਿਨਾ ਕੀ ਥੁੜਿਆ ਪਿਆ ਸੀ।

ਬਿੰਨੂ : ਆਹ ਤਾਂ ਬਹੁਤ ਮਾੜਾ ਹੋਇਆ ਭੂਆ।

ਭੂਆ : ਮਾੜਿਆਂ ਵਰਗਾ ਮਾੜਾ.. ਹਵੇਲੀ ਦੀਆਂ ਤਾਂ ਜਿਵੇਂ ਨੀਹਾਂ ਹੀ ਹਿੱਲ ਗੀਆਂ ਹੋਣ। ਬਹੂ ਪੁੱਤ ਨੂੰ ਲੈ ਕੇ

ਹਸਪਤਾਲ 'ਚ ਰੁਲਦੀ ਫਿਰਦੀ ਐ ਤੇ ਪਾਲੀ ਦਾ ਬੁਰਾ ਹਾਲ ਐ। ਘਰ ਤਾਂ ਆ ਕੇ ਰਾਜ਼ੀ ਨਹੀਂ, ਫੜ-ਫੜ ਕੇ ਲਿਆਉਂਦੀ ਆਂ ਜਬਰਦਸਤੀ ਖੁਆਂਦੀ ਪਿਆਉਂਦੀ ਆਂ ਤੇ ਫੇਰ ਬਾਹਰ ਨਿਕਲ ਜਾਂਦੈ, ਖੇਤ ਦੀ ਬੰਬੀ ਤੇ ਬੈਠਾ ਰਹਿੰਦੈ।

ਬਿੰਨੂ : ਪਾਲੀ ਨੂੰ ਤਾਂ ਪਾਲਿਐ ਈ ਸਾਵਨ ਸਿਹੁੰ ਨੇ ਐ, ਛੋਟਾ ਜਿਹਾ ਹੀ ਸੀ ਜਦੋਂ ਇਨ੍ਹਾਂ ਦੇ ਬਾਪੂ ਜੀ ਸੁਰਗਵਾਸ ਹੋ ਗਏ ਸੀ। ਸਾਵਨ ਸਿਹੁੰ ਦੇ ਵਿਆਹ ਵੇਲੇ ਪਾਲੀ ਛੇ ਜਾਂ ਸੱਤ ਸਾਲ ਦਾ ਹੋਣੈ।

ਭੂਆ : ਬਹੂ ਨੇ ਵੀ ਇਹਨੂੰ ਪੁੱਤ ਬਣਾ ਕੇ ਸੰਭਾਲਿਆ।

ਬਿੰਨੂ : ਪਾਲੀ ਦਾ ਵਿਆਹ ਕਰ ਦੇਣਾ ਚਾਹੀਦੈ।

ਭੂਆ : ਸਾਵਨ ਸਿਹੁੰ ਦੇ ਜਿਉਂਦਿਆ ਪਾਲੀ ਦੇ ਵਿਆਹ ਦੀ ਗੱਲ ਚੱਲੀ ਸੀ, ਪਰ ਬਹੂ ਨੂੰ ਉਹ ਘਰ ਪਸੰਦ ਨਹੀਂ ਸੀ, ਕੁੜੀ ਤਾਂ ਸੋਹਣੀ ਸੁਨੱਖੀ ਸੀ ਤੇ ਪਾਲੀ ਨੂੰ ਪਸੰਦ ਵੀ ਸੀ, ਉਹਦੇ ਨਾਲ ਈ ਤਾਂ ਪੜ੍ਹਦੀ ਸੀ। ਪਾਲੀ ਨੇ ਤਾਂ ਜਿਦ ਵੀ ਕੀਤੀ, ਸਾਵਨ ਸਿਹੁੰ ਤਾਂ ਚਾਹੁੰਦਾ ਸੀ ਕਿ ਪਾਲੀ ਦੀ ਖੁਸ਼ੀ ਚਾਹੀਦੀ ਐ ਪਰ ਬਹੂ...

ਬਿੰਨੂ : ਬਹੂ ਨੂੰ ਫੇਰ ਕੀ ਤਰਾਜ ਸੀ?

ਭੂਆ : ਬਹੂ ਅਸਲ ਵਿੱਚ ਆਪਣੇ ਰਿਸਤੇ ਚੋਂ ਕੁੜੀ ਲਿਆਉਣੀ ਚਾਹੁੰਦੀ ਸੀ। (ਭੂਪੀ ਆ ਜਾਂਦੀ ਹੈ...)

ਬਿੰਨੂ : ਚਲ ਪੁੱਤ, ਚੰਗਾ ਭੂਆ... (ਬਿੰਨੂ ਤੇ ਭੂਪੀ ਜਾਂਦੇ ਹਨ... ਪਾਲੀ ਆਉਂਦਾ ਹੈ...)

ਭੂਆ : ਚੰਗਾ ਹੋਇਆ ਤੂੰ ਆ ਗਿਐਂ, ਬੈਠ ਮੈਂ ਦੁੱਧ ਲਿਆਵਾਂ ਤੇਰੇ ਲਈ।

ਪਾਲੀ : ਅਜੇ ਰਹਿਣ ਦੇ ਭੂਆ।

ਭੂਆ : ਐਡਾ ਦਿਨ ਚੜ੍ਹ ਆਇਆ ਤੇ ਤੂੰ ਆਪਣੇ ਆਪ ਤਾਂ ਮੰਗੇਂਗਾ ਨਹੀਂ।

(ਬਾਹਰੋਂ ਆਵਾਜ ਆਉਂਦੀ ਹੈ...)

ਪਾਲੀ : ਕੌਣ? ਆ ਜਾਓ, ਲੰਘ ਆਓ।

(**ਪ੍ਰੀਤਮ ਸਿੰਘ** ਆਉਂਦਾ ਹੈ... ਪਾਲੀ ਹੱਥ ਮਿਲਾ ਕੇ ਬੈਠਣ ਲਈ ਕਹਿੰਦਾ ਹੈ...)

ਪ੍ਰੀਤਮ ਸਿੰਘ : ਮੈਂ ਤੇਰੇ ਕੋਲ ਇੱਕ ਖਾਸ ਕੰਮ ਲਈ ਆਇਆਂ ਪਾਲੀ, ਇਨਕਾਰ ਨਾ ਕਰੀਂ।

ਪਾਲੀ : ਕੰਮ, ਖਾਸ ਕੰਮ? ਮੈਂ ਸਮਝਿਆ ਨਹੀਂ।

ਪ੍ਰੀਤਮ ਸਿੰਘ : ਮੈਂ ਤੇਰੇ ਵਿਆਹ ਬਾਰੇ ਗੱਲ ਕਰਨ ਆਇਆਂ।

ਪਾਲੀ : ਵਿਆਹ! ਅਜੇ ਤਾਂ ਬਾਈ ਦਾ ਸਿਵਾ ਠੰਡਾ ਨਹੀਂ ਹੋਇਆ।

ਪ੍ਰੀਤਮ ਸਿੰਘ : ਭਰਾਵਾਂ ਦੇ ਸਿਵੇ ਸਾਰੀ ਉਮਰ ਠੰਡੇ ਨਹੀਂ ਹੁੰਦੇ ਤੇ ਫੇਰ ਸਾਵਨ ਸਿੰਘ ਵਰਗਾ ਭਰਾ, ਉਹ ਤਾਂ ਭਰਾ ਤੋਂ ਵੀ ਵੱਧ ਸੀ। ਮੈਨੂੰ ਪਤੈ ਤੂੰ ਤਾਂ ਬਹੁਤ ਛੋਟਾ ਸੀ ਜਦੋਂ ਤੁਹਾਡੇ ਪਿਤਾ ਜੀ ਪੂਰੇ ਹੋ ਗਏ ਸਨ। ਤੈਨੂੰ ਤਾਂ ਪਾਲਿਆ ਈ ਸਾਵਨ ਸਿੰਘ ਨੇ ਸੀ...

ਪਾਲੀ : ਮੈਨੂੰ ਮੁਆਫ ਕਰ ਦਿਓ...

ਪ੍ਰੀਤਮ ਸਿੰਘ : ਦੇਖ ਪਾਲੀ, ਬਾਈ ਸਾਵਨ ਸਿੰਘ ਨੇ ਵੀ ਤੈਨੂੰ ਇਹੋ ਗੱਲ ਕਹਿਣੀ ਸੀ। ਮੈਂ ਪਟਿਆਲੇ ਪਹਿਲਾਂ ਭਾਬੀ ਜੀ ਨਾਲ ਗੱਲ ਕਰ ਕੇ ਆਇਆ ਹਾਂ। ਮੈਨੂੰ ਉਹਨਾਂ ਨੇ ਈ ਤੁਹਾਡੇ ਨਾਲ ਗੱਲ ਕਰਨ ਵਾਸਤੇ ਆਖਿਐ।

ਪਾਲੀ : ਭਾਬੀ ਜੀ ਨੇ ਆਖਿਆ ਹੋਣੈ ਪਰ ਮੈਂ ਅਜੇ... ਮੈਂ ਕੋਈ ਗੱਲ ਨਹੀਂ ਕਰਨੀ। ਮੈਂ ਅਜੇ ਵਿਆਹ ਬਾਰੇ ਸੋਚ ਈ ਨਹੀਂ ਸਕਦਾ।

ਪ੍ਰੀਤਮ ਸਿੰਘ : ਪਰ ਮੈਂ ਬੜਾ ਸੋਚ ਸਮਝ ਕੇ ਤੇਰੇ ਕੋਲ ਆਇਆਂ। ਹਰਮੇਲ ਨੇ ਮੈਨੂੰ ਸਭ ਕੁੱਝ ਦੱਸ ਦਿਤੈ ਪਰ ਜੇ ਮੈਨੂੰ ਪਹਿਲਾਂ ਪਤਾ ਲੱਗ ਜਾਂਦਾ ਤਾਂ ਮੈਂ ਇਹ ਸ਼ਾਦੀ ਕਦੀ ਨਾ ਕਰਦਾ।

ਪਾਲੀ : ਤੁਸੀਂ ਨਾ ਕਰਦੇ ਕੋਈ ਹੋਰ ਕਰਦਾ। ਤੁਸੀਂ ਕਿਉਂ ਅਪਣੇ ਆਪ ਨੂੰ ਦੋਸ਼ੀ ਸਮਝਦੇ ਓ?

ਪ੍ਰੀਤਮ ਸਿੰਘ : ਨਹੀਂ, ਮੈਂ ਆਪਣੇ ਆਪ ਨੂੰ ਦੋਸ਼ੀ ਨਹੀਂ ਸਮਝਦਾ ਪਰ ਦੋਸ਼ ਤਾਂ ਹੋਇਆ ਨਾ। ਦੋਸ਼, ਜਿਸ ਨਾਲ ਤੁਹਾਨੂੰ ਦੁੱਖ ਹੋਇਆ, ਹਰਮੇਲ ਨੂੰ ਦੁੱਖ ਹੋਇਆ, ਤੇ ਮੈਨੂੰ ਵੀ ਹੋਇਆ। ਮੈਂ ਤਾਂ ਕਹਾਂਗਾ ਦੁੱਖ ਤਾਂ ਸਾਡੇ ਰਿਸ਼ਤੇਦਾਰਾਂ ਨੂੰ ਵੀ ਹੋਇਆ ਹੋਵੇਗਾ ਭਾਵੇਂ ਜ਼ਾਹਿਰਾ ਤੌਰ ਤੇ ਕੋਈ ਇਸ ਨੂੰ ਮੰਨੇ ਨਾ ਮੰਨੇ।

ਪਾਲੀ : ਹਮਦਰਦੀ ਲਈ ਸ਼ੁਕਰੀਆ ਬਾਈ ਜੀ।

ਪ੍ਰੀਤਮ ਸਿੰਘ : ਬਾਈ ਜੀ ਕਹਿੰਦੈਂ ਤੇ ਸ਼ੁਕਰੀਆ ਵੀ ਕਰਦੈਂ। ਮੈਂ ਨਿਰੀ ਹਮਦਰਦੀ ਦਿਖਾਉਣ ਵਾਸਤੇ ਨਹੀਂ ਆਇਆਂ, ਮੈਂ ਤੇਰੇ ਦਰਦ ਦੀ ਦਵਾ ਦੇਣੀ ਚਾਹੁੰਦਾਂ। ਮੈਂ ਈ ਨਹੀਂ, ਹਰਮੇਲ ਵੀ ਇਹੋ ਚਾਹੁੰਦੀ ਐ। ਤੈਨੂੰ ਉਸ ਨੇ ਚਿੱਠੀ ਲਿਖੀ, ਉਹ ਤੈਨੂੰ ਮਿਲਣ ਵੀ ਆਈ ਸੀ, ਮੈਨੂੰ ਸਭ ਪਤਾ ਹੈ। ਮੈਨੂੰ ਹਰਮੇਲ ਦੀ ਵਫ਼ਾ ਤੇ ਵਿਸ਼ਵਾਸ ਹੈ ਤੇ ਤੇਰੀ ਇਮਾਨਦਾਰੀ, ਤੇਰੀ ਨੇਕੀ, ਤੇਰੀ ਸਚਾਈ ਤੇ ਵੀ ਭਰੋਸਾ ਹੈ।

ਪਾਲੀ : ਤੁਹਾਨੂੰ ਹਰਮੇਲ ਤੇ ਵਿਸ਼ਵਾਸ ਹੈ, ਤੁਹਾਨੂੰ ਮੇਰੇ ਤੇ ਭਰੋਸਾ ਹੈ। ਮੈਂ ਫਿਰ... ਤੁਹਾਡਾ ਸ਼ੁਕਰੀਆ ਬਾਈ ਜੀ, ਪਰ ਜੋ ਹੋਣਾ ਸੀ ਹੋ ਗਿਆ, ਪਾਣੀ ਪੱਤਨਾਂ ਤੋਂ ਜੋ ਲੰਘ ਗਿਆ ਉਹ ਮੁੜ ਕੇ ਕਦੀ ਪਰਤ ਕੇ ਨਹੀਂ ਆਉਂਦਾ।

ਪ੍ਰੀਤਮ ਸਿੰਘ : ਹਾਂ, ਠੀਕ ਹੈ ਪਾਣੀ ਪਤਨੋਂ ਲੰਘਿਆ ਤਾਂ ਪਰਤ ਕੇ ਨਹੀਂ ਆਉਂਦਾ ਪਰ ਅਸੀਂ ਅਜੇ ਆਉਣ ਵਾਲੇ ਪਾਣੀ ਦਾ ਮੁਹਾਨ ਤਾਂ ਮੋੜ ਸਕਦੇ ਆਂ।

ਪਾਲੀ : ਨਹੀਂ ਬਾਈ ਜੀ, ਹੁਣ ਕੁਝ ਨਹੀਂ ਹੋ ਸਕਦਾ। ਮੈਨੂੰ ਮੁਆਫ ਕਰ ਦਿਓ...

ਪ੍ਰੀਤਮ ਸਿੰਘ : ਮੁਆਫੀ ਤਾਂ ਮੈਂ ਮੰਗਦਾ ਹਾਂ। ਮੈਂ ਤੁਹਾਡੇ ਜ਼ਖਮਾਂ ਨੂੰ ਉਦੇੜ ਦਿੱਤਾ ਹੈ। ਮੈਂ ਭਾਬੀ ਜੀ ਨੂੰ ਕਿਹਾ ਵੀ ਸੀ ਕਿ ਉਹ ਆਪ ਤੇਰੇ ਨਾਲ ਗੱਲ ਕਰਨ ਪਰ ਉਨ੍ਹਾਂ ਨੇ ਮੈਨੂੰ ਹੀ ਤੁਹਾਡੇ ਨਾਲ ਗੱਲ ਕਰਨ ਲਈ ਆਖ ਦਿੱਤਾ। ਇਸ ਵੇਲੇ ਤੂੰ ਕਸ਼ਟ ਵਿੱਚ ਹੈਂ, ਮੈਂ ਭਾਬੀ ਜੀ ਨਾਲ ਈ ਫੇਰ ਗੱਲ ਕਰਾਂਗਾ। ਹਰਮੇਲ ਨਾਲ ਵੀ ਸਲਾਹ ਕਰਾਂਗਾ। ਪਾਲੀ ਤੂੰ ਠੰਡੇ ਮਨ ਨਾਲ ਸੋਚੀਂ ਜ਼ਰੂਰ, ਅਸੀਂ ਫਿਰ ਆਵਾਂਗੇ... ਚਲਦਾ ਹਾਂ।

(ਜਾਂਦਾ ਹੈ... ਪਾਲੀ ਉਠ ਕੇ ਹੱਥ ਜੋੜ ਦਿੰਦਾ ਹੈ...)

ਭੂਪੀ : (ਬਾਹਰੋਂ ਆਉਂਦੀ ਹੋਈ...) ਪਾਲੀ ਚਾਚਾ ਤੇਰਾ ਵਿਆਹ ਹੋਊਗਾ ਨਾ, ਬੜਾ ਮਜਾ ਆਏਗਾ, ਗੀਤ ਗਾਵਾਂਗੇ ਤੇ ਗਿੱਧਾ ਪਾਵਾਂਗੇ...

ਪਾਲੀ : ਚੱਲ ਭੂਤਨੀ ਜੇਹੀ...

ਭੂਪੀ : ਮੈਂ ਸੁਣ ਲਈਆਂ ਗੱਲਾਂ, ਉਹ ਭਾਈ ਤੈਨੂੰ ਵਿਆਹ ਕਰਵਾਉਣ ਲਈ ਆਖ ਰਿਹਾ ਸੀ ਨਾ।

ਪਾਲੀ : (ਗੁੱਸੇ ਨਾਲ...) ਕਿਸੇ ਵੇਲੇ ਪੜ੍ਹ ਵੀ ਲਿਆ ਕਰ, ਖੇਡਣ 'ਚ ਈ ਨਾ ਲੱਗੀ ਰਿਹਾ ਕਰ।

ਭੂਪੀ : ਅੱਜ ਤਾਂ ਛੁੱਟੀ ਐ ਨਾ ਚਾਚਾ, ਐਵੇਂ ਗੁੱਸਾ ਕਰੀ ਜਾਂਦੇ ਓ। ਸਚੀਂ ਚਾਚਾ! ਛੋਟੀ ਚਾਚੀ ਲੈ ਆਓ ਨਾ... (ਬਾਹਰ ਵੱਲ **ਦਲਜੀਤ ਕੌਰ** ਨੂੰ ਵੇਖ ਕੇ...) ਓ ਵੱਡੀ ਚਾਚੀ ਜੀ ਆ ਗੇ, ਵੱਡੀ ਚਾਚੀ ਜੀ ਆ ਗਏ। ਡਿੰਪਲ ਨਹੀਂ ਆਇਆ ਚਾਚੀ ਜੀ?

ਪਾਲੀ : (ਪਾਲੀ ਪੈਰੀਂ ਹੱਥ ਲਾਉਂਦਾ ਹੈ...) ਤੁਸੀਂ ਭਾਬੀ ਜੀ! ਅਚਾਨਕ, ਫੋਨ ਤਾਂ ਕਰ ਦਿੰਦੇ।

ਦਲਜੀਤ : (ਪਾਲੀ ਨੂੰ ਆਪਣੀ ਬਾਂਹ 'ਚ ਲੈਂਦੀ ਹੋਈ...) ਕੀਤਾ ਤਾਂ ਸੀ ਤੇਰਾ ਫੋਨ ਈ ਨਹੀਂ ਮਿਲਿਆ... ਸਵਿੱਚ ਆਫ ਦਾ ਮੈਸਿਜ ਮਿਲ ਰਿਹਾ ਸੀ।

ਪਾਲੀ : (ਆਪਣਾ ਮੋਬਾਈਲ ਵੇਖ ਕੇ...) ਹਾਂ, ਫੋਨ ਤਾਂ ਬੰਦ ਐ ਪਰ ਮੈਂ ਤਾਂ ਸਵਿੱਚ ਆਫ ਕੀਤਾ ਨਹੀਂ। ਕਿਤੇ ਗਲਤੀ ਨਾਲ ਬਟਨ ਦਬ ਹੋ ਗਿਐ ਲਗਦੈ, ਇਹ ਤਾਂ ਬੜੀ ਮਾੜੀ ਗੱਲ ਐ।

(ਅੰਦਰੋਂ ਭੂਆ ਆਉਂਦੀ ਹੈ...)

ਭੂਆ : ਹੈਂ! ਬਹੂ, ਸਤਿ ਸ੍ਰੀ ਅਕਾਲ, ਹੈਂ ਕੀਹਦੇ ਨਾਲ ਆਈ ਐਂ ਕੱਲੀ? ਤੇ ਡਿੰਪਲ ਕਿੱਥੇ ਹੈ? ਬਹੂ, ਡਿੰਪਲ ਕਿਉਂ ਨਹੀਂ ਲਿਆਈ ਨਾਲ, ਉਹ ਠੀਕ ਤਾਂ ਹੈ ਨਾ ਸੁੱਖ ਨਾਲ? ਭੂਪੀ ਪਾਣੀ ਲਿਆ।

ਦਲਜੀਤ : ਹਾਂ ਉਹ ਬਿਲਕੁੱਲ ਠੀਕ ਐ ਆਵਦੀ ਨਾਨੀ ਕੋਲ।

ਭੂਆ : ਤੇ ਨਾਲ ਕਿਉਂ ਨਹੀਂ ਲਿਆਈ, ਅਸੀਂ ਤਾਂ ਤਰਸ ਗਏ ਆਂ ਉਹਨੂੰ ਦੇਖਣ ਲਈ।

ਦਲਜੀਤ : ਮੈਂ ਬੱਸ ਮਿਲ ਕੇ ਮੁੜ ਜਾਣੈ। ਇਸ ਲਈ ਮੈਂ ਆਖਿਆ ਐਵੇਂ ਥੱਕ ਜਾਵੇਗਾ।

ਪਾਲੀ : ਐਨੀ ਕੀ ਗੱਲ ਸੀ... ਕੋਈ ਜ਼ਰੂਰੀ?

ਦਲਜੀਤ : ਗੱਲ ਸੀ ਤਾਂ ਈ ਤਾਂ ਆਈ ਆਂ।

ਪਾਲੀ : ਕੀ ਗੱਲ ਸੀ?

ਦਲਜੀਤ : ਤੇਰੇ ਕੋਲ ਪ੍ਰੀਤਮ ਆਇਆ ਸੀ?

| | |
|---|---|
| ਪਾਲੀ | : ਹਾਂ ਆਇਆ ਸੀ। ਥੋੜ੍ਹੀ ਦੇਰ ਹੋਈ ਐ। |
| ਦਲਜੀਤ | : ਤੂੰ ਫੇਰ ਉਸ ਦੀ ਗੱਲ ਬਾਰੇ ਕੀ ਸੋਚਿਆ? |
| ਪਾਲੀ | : ਭਾਬੀ ਜੀ, ਤੁਸੀਂ ਉਸ ਵਾਸਤੇ ਆਏ ਓ, ਮੈਂ ਉਸ ਨੂੰ ਜਵਾਬ ਦੇ ਦਿੱਤੈ। |
| ਦਲਜੀਤ | : ਉਹ ਤਾਂ ਉਸ ਨੇ ਮੈਨੂੰ ਦੱਸ ਦਿੱਤੈ ਫੋਨ ਕਰ ਕੇ। ਮੈਨੂੰ ਪਤਾ ਸੀ ਤੇ ਪ੍ਰੀਤਮ ਵੀ ਝਿਜਕਦਾ ਸੀ ਤੇਰੇ ਕੋਲ ਆਉਣ ਤੋਂ, ਇਸ ਲਈ ਮੈਨੂੰ ਸਵੇਰੇ-ਸਵੇਰੇ ਫੋਨ ਕਰ ਕੇ ਇਥੇ ਆਉਣ ਲਈ ਆਖਿਆ ਸੀ ਪਰ ਮੈਂ ਲੇਟ ਹੋ ਗਈ। |
| ਪਾਲੀ | : ਭਾਬੀ ਜੀ ਮੈਂ ਉਸ ਨੂੰ... |
| ਦਲਜੀਤ | : ਉਹ ਤਾਂ ਮੈਨੂੰ ਪਤਾ ਲੱਗ ਗਿਐ। ਪਰ ਤੈਨੂੰ ਇਹ ਨਹੀਂ ਪਤਾ ਉਹ ਮੇਰੇ ਕੋਲ ਕਿੰਨੀ ਵੇਰ ਚੱਕਰ ਮਾਰ ਗਿਐ। ਤੈਨੂੰ ਨਹੀਂ ਪਤਾ ਉਸ ਨੇ ਕਿੰਨੀਆਂ ਮਿੰਨਤਾਂ ਕੀਤੀਆਂ ਤਰਲੇ ਕੀਤੇ ਨੇ। ਮੈਂ ਵੀ ਬੜਾ ਚਿਰ ਅੜੀ ਰਹੀ ਸਾਂ। ਫੇਰ ਹਰਮੇਲ ਨੂੰ ਵੀ ਲੈ ਆਇਆ। ਉਹਨਾਂ ਨੇ ਮੇਰੇ ਪੈਰ ਫੜ ਲਏ, ਮੈਂ ਹਾਰ ਗਈ। |
| ਪਾਲੀ | : ਮੈਂ ਵੀ ਤੁਹਾਡੀਆਂ ਮਿੰਨਤਾਂ ਕੀਤੀਆਂ ਸੀ। |
| ਦਲਜੀਤ | : ਇਸ ਲਈ ਮੈਂ ਹੁਣ ਹੋਰ ਗ਼ਲਤੀ ਨਹੀਂ ਕਰ ਸਕਦੀ। ਮੇਰੇ ਕੋਲੋਂ ਪਾਪ ਹੋ ਗਿਐ ਪਾਲੀ... ਮੇਰੇ ਮਨ ਤੇ ਬੜਾ ਬੋਝ ਐ। ਮੰਨ ਜਾ ਪਾਲੀ... ਮੇਰੇ ਮਨ ਤੋਂ ਇਹ ਬੋਝ ਉਤਰ ਜਾਏਗਾ। ਤੈਨੂੰ ਪਤੈ ਮੈਂ ਪਹਿਲਾਂ ਈ ਦੁਖੀ ਆਂ। |
| ਪਾਲੀ | : ਤੇ ਮੇਰੇ ਮਨ ਤੇ ਆ ਜਾਏਗਾ। ਭਾਬੀ ਮੇਰਾ ਮਨ ਤਾਂ ਪਹਿਲਾਂ ਈ ਮਰਿਆ ਪਿਐ, ਹੋਰ ਭਾਰ ਕਿਵੇਂ ਚੱਕੇਗਾ? |

ਦਲਜੀਤ : ਪਾਲੀ, ਮੈਂ ਤੈਨੂੰ ਮੋਢਿਆਂ ਤੇ ਬਠਾ ਕੇ ਖਡਾਉਂਦੀ ਰਹੀ ਆਂ। ਮੈਂ ਤੈਨੂੰ ਦੇਓਰ ਨਹੀਂ ਪੁੱਤ ਬਣਾ ਕੇ ਪਾਲਿਐ।

ਪਾਲੀ : (ਰੋ ਕੇ...) ਠੀਕ ਐ ਫਿਰ ਨਰੜ ਦੇ ਜਿਸ ਨਾਲ ਨਰੜਨੈ। ਇਹ ਵੀ ਭੁਗਤ ਲਵਾਂਗਾ।

ਦਲਜੀਤ : ਨਹੀਂ ਪਾਲੀ ਨਹੀਂ, ਮੈਂ ਦੂਜੀ ਵੇਰ ਇਹ ਗਲਤੀ ਨਹੀਂ ਕਰਾਂਗੀ। ਮੈਂ ਪੂਰੀ ਨਿਰਖ-ਪਰਖ ਕਰ ਕੇ, ਜਦ ਮੈਨੂੰ ਤਸੱਲੀ ਹੋ ਗਈ ਤਦ ਈ ਮੈਂ ਮੰਨੀ ਆਂ।

ਪਾਲੀ : ਤੁਸੀਂ ਨਿਰਖ-ਪਰਖ ਕਰ ਲਈ, ਤੁਸੀਂ ਆਵਦੀ ਤਸੱਲੀ ਵੀ ਕਰ ਲਈ ਤੇ ਤੁਸੀਂ ਮੰਨ ਗਏ ਪਰ ਮੇਰੀ ਪਰਖ ਮੇਰੀ ਤਸੱਲੀ ਮੇਰੀ ਮਰਜੀ ਕਿੱਥੇ ਰਹਿ ਗਈ?

(ਬਾਹਰੋਂ ਦਰਵਾਜ਼ਾ ਖੜਕਦਾ ਹੈ... ਭੂਆ ਬਾਹਰ ਜਾਂਦੀ ਹੈ...)

ਦਲਜੀਤ : ਤੂੰ ਪਹਿਲਾਂ ਮੇਰੀ ਸੁਣ ਤਾਂ ਲੈ। ਇਹ ਕੁੜੀ ਹਰਮੇਲ ਦੀ ਨਣਦ ਐ, ਪ੍ਰੀਤਮ ਦੀ ਛੋਟੀ ਭੈਣ, ਤੇ ਤੇਰੇ ਕਾਲਜ ਵਿੱਚ ਪੜ੍ਹਦੀ ਸੀ ਤੇ ਤੈਨੂੰ ਪਸੰਦ ਵੀ ਕਰਦੀ ਸੀ। ਇਸ ਨੂੰ ਨਹੀਂ ਸੀ ਪਤਾ ਤੇਰੇ ਤੇ ਹਰਮੇਲ ਬਾਰੇ। ਉਸ ਨੇ ਤਾਂ ਹਮਦਰਦੀ ਲੈਣ ਲਈ ਭਾਬੀ ਨਾਲ ਗੱਲ ਕਰ ਲਈ ਤੇ ਹਰਮੇਲ ਨੇ ਪ੍ਰੀਤਮ ਨੂੰ ਦੱਸ ਦਿੱਤੀ। ਪ੍ਰੀਤਮ ਦੀ ਸਿਆਣਪ ਸਮਝੋ ਜਿਸ ਨੇ ਮੈਨੂੰ ਪਹੁੰਚ ਕੀਤੀ। ਮੈਂ ਤਾਂ ਪਹਿਲਾਂ ਈ ਸ਼ਰਮਸਾਰ ਸਾਂ, ਮੈਂ ਤੇਰੇ ਨਾਲ ਜ਼ਿਆਦਤੀ ਕਰ ਬੈਠੀ ਸਾਂ, ਤੇਰੇ ਦਰਦ ਨੂੰ ਮੈਂ ਸਮਝ ਗਈ ਆਂ ਪਾਲੀ। ਤੇਰੇ ਵੀਰ ਜੀ ਦੀ ਵੀ ਦੋਸ਼ੀ ਆਂ ਮੈਂ, ਜੇ ਮੈਂ ਉਸ ਵੇਲੇ ਮੰਨ ਜਾਂਦੀ... ਮੁਆਫ ਕਰ ਦੇ ਪਾਲੀ। (ਹੱਥ ਜੋੜਦੀ ਹੈ...)

ਪਾਲੀ : ਭਾਬੀ ਜੀ ਇਹ ਕੀ ਕਰਦੇ ਹੋ... ਨਹੀਂ ਭਾਬੀ ਨਹੀਂ...

ਦਲਜੀਤ : ਮਾਪੇ ਆਵਦੇ ਬੱਚਿਆਂ ਦਾ ਮਾੜਾ ਕਦੇ ਨਹੀਂ ਸੋਚਦੇ ਪਰ ਚੰਗਾ ਕਰਦੇ-ਕਰਦੇ ਕਈ ਵੇਰ ਗ਼ਲਤੀ ਕਰ ਬੈਠਦੇ ਨੇ। ਮੈਂ ਹਾਰ ਗਈ ਆਂ ਪਾਲੀ। ਜੇ ਤੂੰ ਇਨਕਾਰ ਵੀ ਕਰੇਂਗਾ ਤਾਂ ਵੀ ਮੈਂ ਬੁਰਾ ਨਹੀਂ ਮਨਾਵਾਂਗੀ। ਮੈਨੂੰ ਬੱਸ ਤੇਰੀ ਖ਼ੁਸ਼ੀ ਚਾਹੀਦੀ ਐ।

ਪਾਲੀ : ਭਾਬੀ ਜੇ ਤੂੰ ਮਾਂ ਬਣ ਕੇ ਮੈਨੂੰ ਪਾਲਿਆ ਐ ਤਾਂ ਮੈਂ ਵੀ ਦਿਓਰ ਨਹੀਂ ਪੁੱਤ ਹੀ ਬਣਾਂਗਾ ਤੇ ਮੇਰੀ ਖ਼ੁਸ਼ੀ ਤੇਰੀ ਖ਼ੁਸ਼ੀ ਵਿੱਚ ਈ ਹੈ। (ਪੈਰੀਂ ਪੈਂਦਾ ਹੈ... ਦਲਜੀਤ ਬੁਕਲ ਵਿੱਚ ਲੈ ਲੈਂਦੀ ਹੈ)

ਭੂਆ : (ਅੰਦਰ ਆਉਂਦੀ ਹੋਈ...) ਬਾਹਰ ਕੋਈ ਆਇਐ।

ਦਲਜੀਤ : ਲਿਆ ਅੰਦਰ ਲੈ ਆ, ਓਹੀਓ ਹੋਣੇ ਨੇ... ਮੈਂ ਫੋਨ ਕੀਤਾ ਸੀ ਉਹਨਾਂ ਨੂੰ ਆਉਣ ਲਈ।

(ਪ੍ਰੀਤਮ, ਹਰਮੇਲ ਤੇ ਬਲਜੀਤ ਆਉਂਦੇ ਹਨ...)

ਦਲਜੀਤ : ਪਾਲੀ ! ਪ੍ਰੀਤਮ ਸਿੰਘ ਤੇ ਹਰਮੇਲ ਕੌਰ ਨੂੰ ਤਾਂ ਜਾਣਦਾ ਈ ਐਂ (ਬਲਜੀਤ ਨੂੰ ਬਾਹੋਂ ਫੜ ਕੇ ਆਪਣੇ ਨਾਲ ਲਾਉਂਦੀ ਹੋਈ...) ਤੇ ਇਹ ਮੇਰੀ ਹੋਣ ਵਾਲੀ ਦਰਾਣੀ। ਭੂਆ ਲਿਆ ਗੁੜ ਦੀ ਭੇਲੀ ਤੇ ਮੂੰਹ ਮਿੱਠਾ ਕਰਵਾ ਸਭਨਾਂ ਦਾ।

ਭੂਆ : ਵਧਾਈਆਂ ਬਹੁ ਵਧਾਈਆਂ ! ਮੈਂ ਹੁਣੇ ਲਿਆਈ ਕੁੜੇ, ਰਿਸ਼ਤੇ ਧੁਰਾਂ ਦੇ....।

(ਪ੍ਰੀਤਮ ਪਾਲੀ ਨੂੰ ਗਲਵਕੜੀ 'ਚ ਲੈਂਦਾ ਹੈ...)

....ਪਰਦਾ ਡਿੱਗਦਾ ਹੈ.....]



## ਗੁਰਨਾਮ ਸਿੰਘ ਪ੍ਰਭਾਤ

ਜਨਮ ਸਥਾਨ : ਪਿੰਡ ਢੈਪਈ, ਜ਼ਿਲ੍ਹਾ ਫਰੀਦਕੋਟ

ਪੰਜਾਬ ਵਿੱਚ ਕਾਲਜ-ਪੱਧਰੀ ਸਰਕਾਰੀ ਅਧਿਆਪਨ ਸੇਵਾ ਉਪਰੰਤ ਨਾਟਕਕਾਰ ਪਟਿਆਲਾ ਸ਼ਹਿਰ ਦਾ ਵਸਨੀਕ ਹੈ।

ਇਸ ਸੰਗ੍ਰਹਿ ਨੂੰ ਪ੍ਰਕਾਸ਼ਨ ਕਰਾਉਣ ਤੋਂ ਪਹਿਲਾਂ ਨਾਟਕਕਾਰ ਨੇ **ਕਰਤਾਰਪੁਰ ਦੇ ਰਾਹ ਤੇ**.... ਅਤੇ **ਤੁਰੇ ਤੇਗ ਦੀ ਧਾਰ 'ਤੇ**.... ਨਾਂ ਦੇ ਦੋ ਇਕਾਂਗੀ-ਸੰਗ੍ਰਹਿ ਪ੍ਰਕਾਸ਼ਨ ਕਰਾਏ ਹਨ।